ਧੰਨਵਾਦ
ਹਰ ਦਿਨ ਪੰਜਾਬ ਭਰ 'ਚੋਂ ਅਦਾਰੇ ਨੂੰ ਮਿਲ ਰਹੇ ਸਹਿਯੋਗ ਲਈ ਦਿਲੋਂ ਧੰਨਵਾਦ



ਮੁੱਖ ਸੰਪਾਦਕ : ਅਮਨਦੀਪ ਮਹਿਰਾ

ਰੋਜ਼ਾਨਾ
# ਲੋਕ ਬਾਣੀ
ਸੱਚ ਤੇ ਨਿਡਰ ਆਵਾਜ਼
ਮੁੱਖ ਸੰਪਾਦਕ : ਅਮਨਦੀਪ ਮਹਿਰਾ
Daily Lokbani, Jalandhar
ਸ਼ੁੱਕਰਵਾਰ, 8 ਅਗਸਤ, 2025
Email : lokbani08@gmail.com
R. N. I. Punpun/29016/2008 ਸਾਲ : 16 ਅੰਕ: 346 ਮੁੱਲ : 06 ਰੁਪਏ • ਕੁੱਲ ਪੰਨੇ : 10, ਦਫ਼ਤਰ : 2211009, M : +91 99155 94111

TOURIST VISA USA CANADA
SCHENGEN/ UK AUSTRALIA/ NZ
1140 VISA
1 ਜਨਵਰੀ 2025 ਤੋਂ 18 ਜੂਨ 2025 ਤੱਕ ਲੱਗੇ
easyvisa
8283 000800

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

## ਜਹਾਜ ਕ੍ਰੈਸ਼ ਕਾਰਨ 2 ਮੰਤਰੀਆਂ ਸਮੇਤ ਅੱਠ ਲੋਕਾਂ ਦੀ ਮੌਤ

ਬਾਰਬਾਡੋਸ, (ਲੋਕ ਬਾਣੀ)- ਕੈਰੇਬੀਅਨ ਦੇਸ਼ ਘਾਨਾ ਵਿੱਚ ਅੱਜ ਇੱਕ ਹੈਲੀਕਾਪਟਰ ਹਾਦਸਾਗ੍ਰਸਤ ਹੋ ਗਿਆ ਹੈ। ਇਸ ਹਾਦਸੇ ਵਿੱਚ ਘਾਨਾ ਦੇ 2 ਮੰਤਰੀਆਂ ਸਮੇਤ 8 ਲੋਕਾਂ ਦੀ ਮੌਤ ਹੋ ਗਈ ਹੈ। ਹਾਦਸੇ ਤੋਂ ਬਾਅਦ, ਸਰਕਾਰ ਨੇ ਘਾਨਾ ਵਿੱਚ ਇੱਕ ਦਿਨ ਦਾ ਰਾਸ਼ਟਰੀ ਸੋਗ ਐਲਾਨਿਆ ਹੈ। ਹਾਦਸੇ ਵਿੱਚ ਜਾਨ ਗਵਾਉਣ ਵਾਲੇ ਮੰਤਰੀਆਂ ਵਿੱਚ ਘਾਨਾ ਦੇ ਰੱਖਿਆ ਮੰਤਰੀ ਐਡਵਰਡ ਓਮਾਨ ਬੋਮਾਹ ਅਤੇ ਵਾਤਾਵਰਣ, ਵਿਗਿਆਨ ਅਤੇ ਤਕਨਾਲੋਜੀ ਮੰਤਰੀ ਇਬਰਾਹਿਮ ਮੁਰਤਲਾ ਮੁਹੰਮਦ, 3 ਹੋਰ ਅਧਿਕਾਰੀ ਅਤੇ 3 ਹਵਾਈ ਸੈਨਾ ਦੇ ਚਾਲਕ ਦਲ ਦੇ ਮੈਂਬਰ ਸ਼ਾਮਲ ਹਨ। ਸਾਬਕਾ ਮੰਤਰੀ ਤੋਂ ਇਲਾਵਾ, ਰਾਸ਼ਟਰੀ ਸੁਰੱਖਿਆ ਕੋਆਰਡੀਨੇਟਰ ਵੀ ਹਾਦਸੇ ਵਿੱਚ ਜਾਨ ਗਵਾਉਣ ਵਾਲਿਆਂ ਵਿੱਚ ਸ਼ਾਮਲ ਹਨ। ਘਾਨਾ ਦੇ ਉਪ ਰਾਸ਼ਟਰੀ ਸੁਰੱਖਿਆ ਕੋਆਰਡੀਨੇਟਰ ਅਤੇ ਸਾਬਕਾ ਖੇਤੀਬਾੜੀ ਮੰਤਰੀ ਅਲਹਾਜੀ ਮੁਨੀਰੂ ਮੁਹੰਮਦ, ਸੱਤਾਧਾਰੀ ਨੈਸ਼ਨਲ ਡੈਮੋਕ੍ਰੇਟਿਕ ਕਾਂਗਰਸ ਪਾਰਟੀ ਦੇ ਉਪ ਪ੍ਰਧਾਨ ਸੈਮੂਅਲ ਸਰਪੋਂਗ ਦੀ ਵੀ ਇਸ ਹਾਦਸੇ ਵਿੱਚ ਮੌਤ ਹੋ ਗਈ ਹੈ।

# ਪੰਜਾਬ ਸਰਕਾਰ ਨੂੰ ਝਟਕਾ, ਹਾਈ ਕੋਰਟ ਨੇ ਲੈਂਡ ਪੂਲਿੰਗ ਨੀਤੀ 'ਤੇ ਚਾਰ ਹ਼ਫ਼ਤੇ ਲਈ ਰੋਕ ਲਾਈ

### ਪ੍ਰਭਾਵਿਤ ਕਿਸਾਨਾਂ ਨੂੰ ਮਿਲੇਗੀ ਰਾਹਤ; ਪੰਜਾਬ ਸਰਕਾਰ ਚਾਰ ਹ਼ਫ਼ਤਿਆਂ ਬਾਅਦ ਪੇਸ਼ ਕਰੇਗੀ ਆਪਣਾ ਜੁਆਬਦਾਵਾ

ਚੰਡੀਗੜ੍ਹ (ਲੋਕ ਬਾਣੀ)-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅੱਜ ਪੰਜਾਬ ਸਰਕਾਰ ਦੀ 'ਲੈਂਡ ਪੂਲਿੰਗ ਨੀਤੀ' ਉਤੇ ਰੋਕ ਲਗਾ ਦਿੱਤੀ ਹੈ। ਹਾਈ ਕੋਰਟ ਦਾ ਇਹ ਫ਼ੈਸਲਾ ਪੰਜਾਬ ਸਰਕਾਰ ਲਈ ਇੱਕ ਵੱਡਾ ਝਟਕਾ ਹੈ, ਕਿਉਂਕਿ ਸੂਬਾ ਸਰਕਾਰ ਲੈਂਡ ਪੂਲਿੰਗ ਨੀਤੀ ਦੇ ਕਿਸਾਨ ਹਿਤੈਸ਼ੀ ਹੋਣ ਦਾ ਪ੍ਰਚਾਰ ਕਰ ਰਹੀ ਸੀ ਜਦੋਂ ਕਿ ਕਿਸਾਨਾਂ ਨੇ ਇਸ ਨੀਤੀ ਖ਼ ?ਲਾਫ਼ ਜਨਤਿਕ ਬਿਗਲ ਵਜਾਇਆ ਹੋਇਆ ਹੈ। ਪੰਜਾਬ ਸਰਕਾਰ ਹੁਣ ਚਾਰ ਹ਼ਫ਼ਤਿਆਂ ਬਾਅਦ ਆਪਣਾ ਜੁਆਬਦਾਵਾ ਪੇਸ਼ ਕਰੇਗੀ। ਇਹ ਹੁਕਮ ਜਸਟਿਸ ਅਨੁਪਿੰਦਰ ਸਿੰਘ ਗਰੇਵਾਲ ਅਤੇ ਜਸਟਿਸ ਦੀਪਕ ਮਨਚੰਦਾ ਦੇ ਡਿਵੀਜ਼ਨ ਬੈਂਚ ਨੇ ਸੁਣਾਏ ਹਨ। ਬੈਂਚ ਅੱਜ ਪੰਜਾਬ ਸਰਕਾਰ ਦੀਆਂ ਦਲੀਲਾਂ ਨਾਲ ਸਹਿਮਤ ਨਹੀਂ ਹੋਇਆ। ਅੱਜ ਅਦਾਲਤ ਵਿੱਚ ਸੁਣਵਾਈ ਮਗਰੋਂ




ਡਿਵੀਜ਼ਨ ਬੈਂਚ ਨੇ ਪੰਜਾਬ ਸਰਕਾਰ ਦੀ 'ਲੈਂਡ ਪੂਲਿੰਗ ਨੀਤੀ' ਦੇ ਅਮਲ-ਦਰਾਮਦ 'ਤੇ ਚਾਰ ਹ਼ਫ਼ਤਿਆਂ ਲਈ ਰੋਕ ਲਗਾ ਦਿੱਤੀ ਹੈ। ਦੂਜੇ ਪਾਸੇ ਇਹ ਪੰਜਾਬ ਦੇ ਪ੍ਰਭਾਵਿਤ ਕਿਸਾਨਾਂ ਲਈ ਇਹ ਰਾਹਤ ਭਰਿਆ ਫ਼ੈਸਲਾ ਆਇਆ ਹੈ। ਲੁਧਿਆਣਾ ਜ਼ਿਲ੍ਹੇ ਦੇ ਕਿਸਾਨ ਗੁਰਦੀਪ ਸਿੰਘ ਅਤੇ ਇੱਕ ਹੋਰ ਪਟੀਸ਼ਨਰ ਵੱਲੋਂ ਅਦਾਲਤ ਵਿੱਚ ਲੋਕ ਹਿਤ ਪਟੀਸ਼ਨ ਦਾਇਰ ਕਰਕੇ ਲੈਂਡ ਪੂਲਿੰਗ ਨੀਤੀ ਨੂੰ ਰੱਦ ਕੀਤੇ ਜਾਣ ਦੀ ਮੰਗ ਕੀਤੀ ਗਈ ਸੀ।

## ਸਰਕਾਰੀ ਮੁਲਾਜ਼ਮਾਂ ਦੀ ਤਨਖ਼ਾਹ 'ਚ ਹੋ ਸਕਦੈ ਵਾਧਾ

ਨਵੀਂ ਦਿੱਲੀ (ਲੋਕ ਬਾਣੀ)- ਕੇਂਦਰ ਸਰਕਾਰ ਦੇ ਲੱਖਾਂ ਕਰਮਚਾਰੀਆਂ ਲਈ ਇੱਕ ਵੱਡੀ ਖਬਰ ਆ ਸਕਦੀ ਹੈ। ਮੋਦੀ ਸਰਕਾਰ ਨੇ 8ਵਾਂ ਤਨਖਾਹ ਕਮਿਸ਼ਨ ਬਾਰੇ ਪ੍ਰਮੁੱਖ ਵਿਭਾਗਾਂ ਨਾਲ ਵਿਚਾਰ-ਵਟਾਂਦਰਾ ਸ਼ੁਰੂ ਕਰ ਦਿੱਤਾ ਹੈ। ਸਰਕਾਰ ਗ੍ਰਹਿ ਮੰਤਰਾਲੇ, ਰੱਖਿਆ ਮੰਤਰਾਲੇ, ਕਰਮਚਾਰੀ ਅਤੇ ਸਿਖਲਾਈ ਵਿਭਾਗ ਅਤੇ ਰਾਜ ਸਰਕਾਰਾਂ ਨਾਲ ਵਿਚਾਰ-ਵਟਾਂਦਰਾ ਕਰ ਰਹੀ ਹੈ। ਜਦੋਂ ਇਹ ਕਮਿਸ਼ਨ ਰਸਮੀ ਤੌਰ 'ਤੇ ਗਠਿਤ ਹੁੰਦਾ ਹੈ ਅਤੇ ਸਰਕਾਰ ਨੂੰ ਆਪਣੀ ਰਿਪੋਰਟ ਸੌਂਪਦਾ ਹੈ, ਤਾਂ ਹੀ ਕਰਮਚਾਰੀਆਂ ਦੀ ਨਵੀਂ ਤਨਖਾਹ ਅਤੇ ਭੱਤਿਆਂ ਦਾ ਸਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਤਨਖਾਹ ਵਿੱਚ ਵਾਧਾ ਫਿਟਮੈਂਟ ਫੈਕਟਰ 'ਤੇ ਨਿਰਭਰ ਕਰਦਾ ਹੈ! ਸਰਕਾਰੀ ਤਨਖਾਹ ਵਧਾਉਣ ਦੀ ਪ੍ਰਕਿਰਿਆ ਵਿੱਚ ਫਿਟਮੈਂਟ ਫੈਕਟਰ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਹ ਇੱਕ ਗੁਣਕ ਹੈ ਜਿਸ ਦੁਆਰਾ ਮੌਜੂਦਾ ਬੇਸਿਕ ਤਨਖਾਹ ਨੂੰ ਗੁਣਾ ਕੀਤਾ ਜਾਂਦਾ ਹੈ ਤਾਂ ਜੋ ਨਵੀਂ ਤਨਖਾਹ ਦਾ ਫੈਸਲਾ ਕੀਤਾ ਜਾ ਸਕੇ। ਇਹ ਕਾਰਕ 7ਵੇਂ ਤਨਖਾਹ ਕਮਿਸ਼ਨ ਵਿੱਚ 2.57 ਸੀ।

# ਵੋਟਰ ਸੂਚੀ ਵਿਵਾਦ: ਕੀ ਫ਼ਰਜ਼ੀ ਵੋਟਰ ਜੋੜੇ ਗਏ, ਵੋਟ ਚੋਰੀ 'ਚ ਭਾਜਪਾ ਨਾਲ ਮਿਲਿਆ ਚੋਣ ਕਮਿਸ਼ਨ : ਰਾਹੁਲ ਗਾਂਧੀ ਦਾ ਦਾਅਵਾ

### ਕਰਨਾਟਕ ਦੇ ਇਕ ਵਿਧਾਨ ਸਭਾ ਹਲਕੇ ਦਾ ਹਵਾਲਾ ਦਿੱਤਾ

ਨਵੀਂ ਦਿੱਲੀ (ਲੋਕ ਬਾਣੀ) -ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਵੀਰਵਾਰ ਨੂੰ ਕਰਨਾਟਕ ਦੇ ਇਕ ਵਿਧਾਨ ਸਭਾ ਹਲਕੇ ਦਾ ਹਵਾਲਾ ਦਿੰਦੇ ਹੋਏ ਦੋਸ਼ ਲਾਇਆ ਕਿ ਵੋਟਰ ਸੂਚੀਆਂ ਵਿਚ ਵੱਡੇ ਪੱਧਰ 'ਤੇ ਹੇਰਾਫੇਰੀ ਕਰਕੇ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਫਾਇਦਾ ਪਹੁੰਚਾਇਆ ਗਿਆ। ਉਨ੍ਹਾਂ 'ਵੋਟ ਚੋਰੀ' ਦੇ ਸਿਰਲੇਖ ਹੇਠ ਪੱਤਰਕਾਰਾਂ ਅੱਗੇ ਕਰਨਾਟਕ ਦੇ ਮਹਾਦੇਵਪੁਰਾ ਵਿਧਾਨ ਸਭਾ ਹਲਕੇ ਦੀ ਵੋਟਰ ਸੂਚੀ ਦੇ ਅੰਕੜੇ ਰੱਖਦੇ ਹੋਏ ਹੇਰਾਫੇਰੀ ਦਾ ਦਾਅਵਾ ਕੀਤਾ। ਰਾਹੁਲ ਗਾਂਧੀ ਨੇ ਦੱਸਿਆ ਕਿ 'ਚੋਣ ਹੇਰਾਫੇਰੀ' ਦੇ ਸਬੂਤ ਇਕੱਤਰ ਵਿਚ ਕੁੱਲ ਛੇ ਮਹੀਨਿਆਂ ਦਾ ਸਮਾਂ ਲੱਗਾ। ਉਨ੍ਹਾਂ ਦਾਅਵਾ ਕੀਤਾ ਕਿ ਚੋਣ ਕਮਿਸ਼ਨ ਵੋਟਰ ਸੂਚੀਆਂ ਨੂੰ 'ਮਸ਼ੀਨ ਦੇ ਪੜ੍ਹਨ ਯੋਗ' (Machine Readable) ਡੇਟਾ



ਮੁਹੱਈਆ ਨਹੀਂ ਕਰਵਾ ਰਿਹਾ, ਤਾਂ ਕਿ ਇਹ ਚੋਰੀ ਫੜੀ ਨਾ ਜਾਵੇ। ਰਾਹੁਲ ਗਾਂਧੀ ਨੇ ਕਿਹਾ ਕਿ ਉਨ੍ਹਾਂ ਦੀ ਟੀਮ ਨੇ ਬੰਗਲੂਰੂ (ਕੇਂਦਰੀ) ਲੋਕ ਸਭਾ ਸੀਟ ਦੇ ਮਹਾਦੇਵਪੁਰਾ ਵਿਧਾਨ ਸਭਾ ਹਲਕੇ ਦੇ ਡੇਟਾ ਦੀ ਸਮੀਖਿਆ ਕੀਤੀ ਤੇ ਇਸ ਦੌਰਾਨ ਗੜਬੜੀ ਦਾ ਪਤਾ ਲੱਗਾ। ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ ਬੰਗਲੂਰੂ ਕੇਂਦਰੀ ਲੋਕ ਸਭਾ ਸੀਟ ਦੇ ਸਾਰੇ ਸੱਤ ਵਿਧਾਨ ਸਭਾ ਹਲਕਿਆਂ 'ਚੋਂ 6 ਵਿਚ ਪੱਛੜ ਗਈ, ਪਰ ਮਹਾਦੇਵਪੁਰਾ ਵਿਚ ਉਸ ਨੂੰ ਇਕਤਰਫ਼ਾ ਵੋਟ ਮਿਲਿਆ। ਰਾਹੁਲ ਗਾਂਧੀ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ ਮਹਾਦੇਵਪੁਰਾ ਵਿਧਾਨ ਸਭਾ ਹਲਕੇ ਵਿੱਚ 1,00,250 ਵੋਟਾਂ ਚੋਰੀ ਹੋਈਆਂ ਸਨ। ਉਨ੍ਹਾਂ ਕਿਹਾ, "ਇੱਕ ਪਤੇ 'ਤੇ 50-50 ਵੋਟਰ ਸਨ... ਕਈ ਥਾਵਾਂ 'ਤੇ ਨਾਮ ਇੱਕੋ ਜਿਹੇ ਸਨ, ਫੋਟੋਆਂ ਵੱਖਰੀਆਂ ਸਨ।" ਕਾਂਗਰਸ ਆਗੂ ਨੇ ਕਿਹਾ, "ਸਾਡੇ ਸੰਵਿਧਾਨ ਵਿੱਚ ਜੋ ਗੱਲਾਂ ਹਨ ਉਹ ਇਸ ਤੱਥ 'ਤੇ ਅਧਾਰਤ ਹਨ ਕਿ ਇੱਕ ਵਿਅਕਤੀ ਨੂੰ ਇੱਕ ਵੋਟ ਦਾ ਅਧਿਕਾਰ ਹੋਵੇਗਾ।

# ਪੰਜਾਬ ਮਹਿਲਾ ਕਮਿਸ਼ਨ ਨੇ ਹਨੀ ਸਿੰਘ ਅਤੇ ਕਰਨ ਔਜਲਾ ਦੇ ਗਾਣਿਆਂ ਦਾ ਖ਼ੁਦ ਨੋਟਿਸ ਲਿਆ

ਚੰਡੀਗੜ੍ਹ (ਲੋਕ ਬਾਣੀ)-ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਗਾਇਕ ਕਰਨ ਔਜਲਾ ਦੇ ਸੋਸ਼ਲ ਮੀਡੀਆ ਉੱਤੇ ਚੱਲ ਰਹੇ ਗੀਤ ਐੱਮਐੱਫ ਗੱਭਰੂ ਅਤੇ ਯੋ ਯੋ ਹਨੀ ਸਿੰਘ ਦੇ ਮਿਲੀਅਨੇਅਰ ਵਿਚ ਔਰਤਾਂ ਲਈ ਵਰਤੀ ਗਈ ਸ਼ਬਦਾਵਲੀ ਨੂੰ ਇਤਰਾਜ਼ਯੋਗ ਦੱਸਦਿਆਂ ਇਸ ਦਾ ਸੋ-ਮੋਟੋ ਨੋਟਿਸ ਲਿਆ ਹੈ। ਕਮਿਸ਼ਨ ਵੱਲੋਂ ਇਹ ਕਾਰਵਾਈ ਪੰਜਾਬ ਰਾਜ ਮਹਿਲਾ ਐਕਟ 2001 ਦੀ ਧਾਰਾ 12 ਅਧੀਨ ਪ੍ਰਾਪਤ ਸ਼ਕਤੀਆਂ ਤਹਿਤ ਕੀਤੀ ਗਈ ਹੈ। ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ ਵੱਲੋਂ ਇਸ ਸਬੰਧੀ ਪੰਜਾਬ ਪੁਲੀਸ ਦੇ ਡੀਜੀਪੀ ਅਤੇ ਡਾਇਰੈਕਟਰ ਬਿਊਰੋ ਆਫ ਇਨਵੈਸਟੀਗੇਸ਼ਨ ਨੂੰ ਦੋਵੇਂ ਗਾਇਕਾਂ ਸਬੰਧੀ ਦੋ ਵੱਖ-ਵੱਖ ਪੱਤਰ ਲਿਖ ਕੇ ਦੋਵੇਂ ਗਾਇਕਾਂ ਖ਼ਿਲਾਫ਼ ਸਬੰਧਿਤ ਗੀਤਾਂ ਵਿਚ ਦਰਜ ਸ਼ਬਦਾਵਲੀ ਦੀ ਪੜਤਾਲ/ਕਾਰਵਾਈ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਲਿਖਿਆ ਕਿ ਇਹ ਪੜਤਾਲ ਪੰਜਾਬ ਪੁਲੀਸ ਹੈੱਡ ਕੁਆਰਟਰ ਦੇ ਕਿਸੇ ਸੀਨੀਅਰ ਅਧਿਕਾਰੀ ਤੋਂ ਕਾਨੂੰਨ ਅਨੁਸਾਰ ਕਰਵਾਈ ਜਾਵੇ।



**ਔਰਤਾਂ ਲਈ ਵਰਤੀ ਗਈ ਸ਼ਬਦਾਵਲੀ ਨੂੰ ਇਤਰਾਜ਼ਯੋਗ ਦੱਸਿਆ**

1140 VISA
1 ਜਨਵਰੀ 2025 ਤੋਂ 18 ਜੂਨ 2025 ਤੱਕ ਲੱਗੇ
TOURIST VISA
CANADA/ USA
SCHENGEN/ AUSTRALIA/ UK/ NZ
easyvisa
8283 000800
ਅਪਲਾਈ ਕਰਨ ਤੋਂ ਪਹਿਲਾਂ ਲੱਗੇ ਹੋਏ ਵੀਜ਼ਾ ਜਰੂਰ ਚੈਕ ਕਰੋ ਫਿਰ ਅਪਲਾਈ ਕਰੋ




## ਲੋਕ ਬਾਣੀ

ਰੋਜ਼ਾਨਾ ਲੋਕ ਬਾਣੀ

www.lokbani.com






publisher
chief editor
Aman mehra
Lok bani (News paper)
Lokbani08@gmail.com
www Lokbani.com
Mob 9915594111

Head office :308 sangam complex milap chowk Jalandhar Punjab India 01812211009


# ਭਾਰਤ ਵਿੱਚ ਲਿਵ-ਇਨ ਰਿਸ਼ਤੇ ਇੱਕ ਗੁੰਝਲਦਾਰ ਸਮਾਜਿਕ ਹਕੀਕਤ ਬਣ ਗਏ ਹਨ

**ਵਿਜੈ ਗਰਗ**

ਭਾਰਤ ਵਿੱਚ ਲਿਵ-ਇਨ ਰਿਸ਼ਤੇ ਇੱਕ ਗੁੰਝਲਦਾਰ ਸਮਾਜਿਕ ਹਕੀਕਤ ਬਣ ਗਏ ਹਨ, ਜੋ ਕਿ ਨਿੱਜੀ ਆਜ਼ਾਦੀ ਅਤੇ ਪਸੰਦ ਦਾ ਪ੍ਰਤੀਕ ਹੈ, ਪਰ ਇਸਦਾ ਕਾਨੂੰਨੀ ਦਾਇਰਾ, ਖਾਸ ਕਰਕੇ ਜਾਇਦਾਦ ਦੇ ਅਧਿਕਾਰ, ਅਕਸਰ ਉਲਝਣ ਵਾਲਾ ਹੁੰਦਾ ਹੈ। ਰਵਾਇਤੀ ਵਿਆਹ ਤੋਂ ਬਾਹਰ ਇਸ ਰਿਸ਼ਤੇ ਵਿੱਚ ਰਹਿਣ ਵਾਲੇ ਸਾਥੀਆਂ ਲਈ, ਜਾਇਦਾਦ ਦੇ ਅਧਿਕਾਰ ਅਕਸਰ ਇੱਕ ਹਨੇਰੀ ਗਲੀ ਹੁੰਦੇ ਹਨ, ਜਿੱਥੇ ਨਿਆਂ ਦਾ ਰਸਤਾ ਆਸਾਨ ਨਹੀਂ ਹੁੰਦਾ, ਕਿਉਂਕਿ ਬਦਲਦੇ ਸਮਾਜਿਕ ਨਿਯਮਾਂ ਅਤੇ ਨਿੱਜੀ ਆਜ਼ਾਦੀ 'ਤੇ ਵਧਦੇ ਜ਼ੋਰ ਦੇ ਨਾਲ, ਇਹ ਪ੍ਰਣਾਲੀ ਹੁਣ ਮਹਾਨਗਰਾਂ ਤੱਕ ਸੀਮਤ ਨਹੀਂ ਹੈ, ਸਗੋਂ ਛੋਟੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਵੀ ਇਸਦਾ ਪ੍ਰਚਲਨ ਵਧ ਰਿਹਾ ਹੈ।

ਹਾਲਾਂਕਿ, ਇਹ ਵਧ ਰਿਹਾ ਰੁਝਾਨ ਆਪਣੇ ਨਾਲ ਕਈ ਕਾਨੂੰਨੀ ਅਤੇ ਸਮਾਜਿਕ ਚੁਣੌਤੀਆਂ ਵੀ ਲਿਆ ਰਿਹਾ ਹੈ, ਜਿਨ੍ਹਾਂ ਵਿੱਚੋਂ ਸਭ ਤੋਂ ਪ੍ਰਮੁੱਖ ਲਿਵ-ਇਨ ਰਿਲੇਸ਼ਨਸ਼ਿਪ ਵਿੱਚ ਸਾਥੀਆਂ ਦੇ ਜਾਇਦਾਦ ਦੇ ਅਧਿਕਾਰਾਂ ਦਾ ਮੁੱਦਾ ਹੈ, ਇੱਕ ਅਜਿਹਾ ਖੇਤਰ ਜਿੱਥੇ ਸਪੱਸ਼ਟ ਕਾਨੂੰਨੀ ਢਾਂਚੇ ਦੀ ਘਾਟ ਕਾਰਨ ਅਕਸਰ ਗੁੰਝਲਦਾਰ ਸਮੱਸਿਆਵਾਂ ਪੈਦਾ ਹੁੰਦੀਆਂ ਹਨ।

ਜਦੋਂ ਰਿਸ਼ਤਾ ਟੁੱਟ ਜਾਂਦਾ ਹੈ ਤਾਂ ਲਿਵ-ਇਨ ਰਿਲੇਸ਼ਨਸ਼ਿਪ ਜਾਇਦਾਦ ਦੀ ਵੰਡ ਨਾਲ ਸਬੰਧਤ ਕਈ ਚੁਣੌਤੀਆਂ ਪੇਸ਼ ਕਰਦੇ ਹਨ, ਜਿਵੇਂ ਕਿ ਸਾਂਝੀ ਜਾਇਦਾਦ ਦੀ ਘਾਟ ਅਤੇ ਵਿੱਤੀ ਯੋਗਦਾਨ ਸਾਬਤ ਕਰਨ ਵਿੱਚ ਮੁਸ਼ਕਲ। ਅਕਸਰ ਸਾਥੀ ਵੱਖਰੇ ਤੌਰ 'ਤੇ ਜਾਇਦਾਦ ਖਰੀਦਦੇ ਹਨ ਜਾਂ ਇੱਕ ਕਮਾਉਂਦਾ ਹੈ ਜਦੋਂ ਕਿ ਦੂਜਾ ਘਰ ਚਲਾਉਂਦਾ ਹੈ, ਜਿਸ ਨਾਲ ਇਹ ਨਿਰਧਾਰਤ ਕਰਨਾ ਮੁਸ਼ਕਲ ਹੋ ਜਾਂਦਾ ਹੈ ਕਿ ਕਿਹੜੀ ਜਾਇਦਾਦ ਕਿਸਦੀ ਹੈ। ਭਾਵਨਾਤਮਕ ਅਤੇ ਸਮਾਜਿਕ ਦਬਾਅ ਔਰਤਾਂ ਨੂੰ ਆਪਣੇ ਅਧਿਕਾਰਾਂ ਲਈ ਲੜਨ ਤੋਂ ਵੀ ਰੋਕਦਾ ਹੈ। ਵਿਰਾਸਤ ਦਾ ਮੁੱਦਾ ਵੀ ਇੱਕ ਵੱਡੀ ਸਮੱਸਿਆ ਹੈ, ਕਿਉਂਕਿ ਵਸੀਅਤ ਦੀ ਅਣਹੋਂਦ ਵਿੱਚ, ਲਿਵ-ਇਨ ਪਾਰਟਨਰ ਲਈ ਜਾਇਦਾਦ ਦੇ ਅਧਿਕਾਰਾਂ ਦਾ ਦਾਅਵਾ ਕਰਨਾ ਅਸੰਭਵ ਹੋ ਜਾਂਦਾ ਹੈ।

ਸਾਡੇ ਦੇਸ਼ ਵਿੱਚ ਲਿਵ-ਇਨ ਰਿਸ਼ਤਿਆਂ ਬਾਰੇ ਕੋਈ ਸਪੱਸ਼ਟ ਅਤੇ ਵਿਆਪਕ ਕਾਨੂੰਨ ਨਹੀਂ ਹੈ, ਜਿਸ ਕਾਰਨ ਅਜਿਹੇ ਰਿਸ਼ਤਿਆਂ ਵਿੱਚ ਜਾਇਦਾਦ ਦੇ ਅਧਿਕਾਰਾਂ ਬਾਰੇ ਅਕਸਰ ਅਸਪਸ਼ਟਤਾ ਹੁੰਦੀ ਹੈ। ਹਾਲਾਂਕਿ ਸੁਪਰੀਮ ਕੋਰਟ ਨੇ ਵੱਖ-ਵੱਖ ਫੈਸਲਿਆਂ ਵਿੱਚ ਇਸਨੂੰ 'ਵਿਆਹ ਵਰਗੇ ਸੁਭਾਅ ਦੇ ਰਿਸ਼ਤੇ' ਵਜੋਂ ਮਾਨਤਾ ਦਿੱਤੀ ਹੈ, ਖਾਸ ਕਰਕੇ ਘਰੇਲੂ ਹਿੰਸਾ ਤੋਂ ਔਰਤਾਂ ਦੀ ਸੁਰੱਖਿਆ ਐਕਟ, 2005 ਦੇ ਤਹਿਤ ਗੁਜ਼ਾਰਾ ਭੱਤਾ ਦੇ ਮਾਮਲਿਆਂ ਵਿੱਚ। ਫਿਰ ਵੀ ਜਾਇਦਾਦ ਦੀ ਵੰਡ ਜਾਂ ਵਿਰਾਸਤ ਬਾਰੇ ਕੋਈ ਠੋਸ ਕਾਨੂੰਨੀ ਦਿਸ਼ਾ-ਨਿਰਦੇਸ਼ ਸਥਾਪਤ ਨਹੀਂ ਕੀਤੇ ਗਏ ਹਨ। ਭਾਰਤੀ ਕਾਨੂੰਨ ਰਵਾਇਤੀ ਤੌਰ 'ਤੇ ਵਿਆਹ-ਅਧਾਰਤ ਸਬੰਧਾਂ ਨੂੰ ਮਾਨਤਾ ਦਿੰਦਾ ਹੈ, ਜਿੱਥੇ ਪਤੀ-ਪਤਨੀ ਦੇ ਜਾਇਦਾਦ ਦੇ ਅਧਿਕਾਰ ਸਪਸ਼ਟ ਤੌਰ 'ਤੇ ਪਰਿਭਾਸ਼ਿਤ ਕੀਤੇ ਗਏ ਹਨ।



ਇਸ ਕਾਨੂੰਨੀ ਅਸਪਸ਼ਟਤਾ ਦਾ ਸਿੱਧਾ ਅਰਥ ਹੈ ਕਿ ਜੇਕਰ ਕਿਸੇ ਲਿਵ-ਇਨ ਸਾਥੀ ਦੀ ਮੌਤ ਹੋ ਜਾਂਦੀ ਹੈ, ਜਾਂ ਰਿਸ਼ਤਾ ਟੁੱਟ ਜਾਂਦਾ ਹੈ, ਤਾਂ ਸਾਂਝੇ ਤੌਰ 'ਤੇ ਪ੍ਰਾਪਤ ਕੀਤੀ ਜਾਇਦਾਦ ਦੀ ਵੰਡ ਜਾਂ ਵਿਰਾਸਤ ਨੂੰ ਲੈ ਕੇ ਵਿਵਾਦ ਪੈਦਾ ਹੋਣਾ ਲਾਜ਼ਮੀ ਹੈ, ਜਿਸਦਾ ਖਮਿਆਜ਼ਾ ਅਕਸਰ ਔਰਤ ਸਾਥੀ ਨੂੰ ਭੁਗਤਣਾ ਪੈਂਦਾ ਹੈ। ਉਹ ਆਪਣੀ ਕਮਾਈ ਜਾਂ ਰਿਸ਼ਤੇ ਵਿੱਚ ਯੋਗਦਾਨ ਦਾ ਕਾਨੂੰਨੀ ਸਬੂਤ ਪੇਸ਼ ਕਰਨ ਦੀ ਕਮਜ਼ੋਰ ਸਥਿਤੀ ਵਿੱਚ ਹਨ। ਇਹ ਕਾਨੂੰਨੀ ਲੜਾਈਆਂ ਲੰਬੀਆਂ ਅਤੇ ਮਹਿੰਗੀਆਂ ਸਾਬਤ ਹੁੰਦੀਆਂ ਹਨ, ਜਿਸ ਨਾਲ ਨਿਆਂ ਪ੍ਰਾਪਤ ਕਰਨਾ ਮੁਸ਼ਕਲ ਹੋ ਜਾਂਦਾ ਹੈ।

ਭਾਰਤੀ ਨਿਆਂਪਾਲਿਕਾ ਨੇ ਵੱਖ-ਵੱਖ ਫੈਸਲਿਆਂ ਰਾਹੀਂ ਲਿਵ-ਇਨ ਪਾਰਟਨਰਾਂ ਦੇ ਅਧਿਕਾਰਾਂ ਨੂੰ ਪਰਿਭਾਸ਼ਿਤ ਕੀਤਾ ਹੈ, ਖਾਸ ਕਰਕੇ ਜਾਇਦਾਦ ਦੇ ਸੰਬੰਧ ਵਿੱਚ। ਐਸ. ਖੁਸ਼ਬੂ ਬਨਾਮ ਕੰਨਿਆਮਲ (2010) ਦੇ ਕੇਸ ਨੇ ਲਿਵ-ਇਨ ਰਿਸ਼ਤਿਆਂ ਦੀ ਕਾਨੂੰਨੀ ਵੈਧਤਾ ਨੂੰ ਸਥਾਪਿਤ ਕੀਤਾ, ਉਹਨਾਂ ਨੂੰ ਜੀਵਨ ਦੇ ਅਧਿਕਾਰ ਦਾ ਇੱਕ ਹਿੱਸਾ ਠਹਿਰਾਇਆ।



ਡੀ. ਵੇਲੂਸਾਮੀ ਬਨਾਮ ਡੀ. ਪਚਾਈਅਮਲ (2010) ਵਿੱਚ, ਸੁਪਰੀਮ ਕੋਰਟ ਨੇ 'ਵਿਆਹ ਵਰਗੇ ਰਿਸ਼ਤੇ' ਦੀ ਧਾਰਨਾ ਨੂੰ ਵਿਸਥਾਰ ਨਾਲ ਦੱਸਿਆ, ਇਹ ਸਪੱਸ਼ਟ ਕਰਦੇ ਹੋਏ ਕਿ ਜੇਕਰ ਲਿਵ-ਇਨ ਪਾਰਟਨਰਾਂ ਨੇ ਕਿਸੇ ਜਾਇਦਾਦ ਦੀ ਪ੍ਰਾਪਤੀ ਵਿੱਚ ਸਿੱਧੇ ਤੌਰ 'ਤੇ ਯੋਗਦਾਨ ਪਾਇਆ ਹੈ, ਤਾਂ ਉਨ੍ਹਾਂ ਦਾ ਇਸ 'ਤੇ ਅਧਿਕਾਰ ਹੋ ਸਕਦਾ ਹੈ, ਹਾਲਾਂਕਿ ਵਿਰਾਸਤ ਦਾ ਸਵੈਚਾਲਿਤ ਅਧਿਕਾਰ ਨਹੀਂ ਹੈ। ਇੰਦਰਾ ਸ਼ਰਮਾ ਬਨਾਮ ਵੀ.ਕੇ.ਵੀ. ਸਰਮਾ (2013) ਵਿੱਚ, ਲਿਵ-ਇਨ ਰਿਲੇਸ਼ਨਸ਼ਿਪ ਵਿੱਚ ਔਰਤਾਂ ਨੂੰ ਘਰੇਲੂ ਹਿੰਸਾ ਐਕਟ, 2005 ਦੇ ਤਹਿਤ ਗੁਜ਼ਾਰਾ ਭੱਤਾ ਦਾ ਅਧਿਕਾਰ ਦਿੱਤਾ ਗਿਆ ਸੀ, ਜੋ ਕਿ ਵਿੱਤੀ ਸੁਰੱਖਿਆ ਵੱਲ ਇੱਕ ਮਹੱਤਵਪੂਰਨ ਕਦਮ ਸੀ। ਧਨਲਾਲ ਅਤੇ ਹੋਰ ਬਨਾਮ ਗਣੇਸ਼ਰਾਮ ਅਤੇ ਹੋਰ (2015) ਨੇ ਇਹ ਸਥਾਪਿਤ ਕੀਤਾ ਕਿ ਜੇਕਰ ਕੋਈ ਮਰਦ ਅਤੇ ਔਰਤ ਲੰਬੇ ਸਮੇਂ ਤੱਕ ਪਤੀ-ਪਤਨੀ ਵਜੋਂ ਇਕੱਠੇ ਰਹਿੰਦੇ ਹਨ, ਤਾਂ ਉਨ੍ਹਾਂ ਨੂੰ ਵਿਆਹਿਆ ਮੰਨਿਆ ਜਾਵੇਗਾ, ਜਿਸ ਨਾਲ ਔਰਤ ਨੂੰ ਲਿਵ-ਇਨ ਸਾਥੀ ਦੀ ਮੌਤ ਤੋਂ ਬਾਅਦ ਜਾਇਦਾਦ ਪ੍ਰਾਪਤ ਕਰਨ ਦਾ ਅਧਿਕਾਰ ਮਿਲਦਾ ਹੈ।

ਕੱਟੂਕੰਡੀ ਏਡਾਥਿਲ ਕ੍ਰਿਸ਼ਨਨ ਅਤੇ ਹੋਰ ਬਨਾਮ ਕੱਟੂਕੰਡੀ ਏਡਾਥਿਲ ਵਾਲਸਨ ਅਤੇ ਹੋਰ (2022) ਵਿੱਚ ਸਭ ਤੋਂ ਤਾਜ਼ਾ ਫੈਸਲੇ ਨੇ ਲਿਵ-ਇਨ ਰਿਲੇਸ਼ਨਸ਼ਿਪ ਤੋਂ ਪੈਦਾ ਹੋਏ ਬੱਚਿਆਂ ਦੇ ਜਾਇਦਾਦ ਦੇ ਅਧਿਕਾਰਾਂ ਨੂੰ ਸਪੱਸ਼ਟ ਕੀਤਾ, ਜਿਸ ਵਿੱਚ ਕਿਹਾ ਗਿਆ ਹੈ ਕਿ ਅਜਿਹੇ ਬੱਚਿਆਂ ਨੂੰ ਜਾਇਜ਼ ਮੰਨਿਆ ਜਾਵੇਗਾ ਅਤੇ ਉਨ੍ਹਾਂ ਨੂੰ ਜੱਦੀ ਜਾਇਦਾਦ ਦੇ ਵਾਰਸ ਬਣਨ ਦਾ ਅਧਿਕਾਰ ਹੋਵੇਗਾ, ਬਸ਼ਰਤੇ ਕਿ ਰਿਸ਼ਤਾ 'ਲੰਬੇ ਸਮੇਂ ਲਈ' ਹੋਵੇ ਅਤੇ 'ਆਮ' ਨਾ ਹੋਵੇ। ਇਨ੍ਹਾਂ ਫੈਸਲਿਆਂ ਨੇ ਮਿਲ ਕੇ ਭਾਰਤ ਵਿੱਚ ਲਿਵ-ਇਨ ਰਿਲੇਸ਼ਨਸ਼ਿਪ ਨਾਲ ਜੁੜੇ ਅਧਿਕਾਰਾਂ ਨੂੰ ਪਰਿਭਾਸ਼ਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਖਾਸ ਕਰਕੇ ਜਾਇਦਾਦ ਅਤੇ ਵਿੱਤੀ ਸੁਰੱਖਿਆ ਦੇ ਪਹਿਲੂਆਂ ਨੂੰ। ਬਿਨਾਂ ਸ਼ੱਕ, ਸਮੱਸਿਆਵਾਂ ਨਾਲ ਨਜਿੱਠਣ ਲਈ, ਲਿਵ-ਇਨ ਰਿਲੇਸ਼ਨਸ਼ਿਪ ਅਤੇ ਭਾਈਵਾਲੀ ਸਮਝੌਤਿਆਂ ਦੀ ਸਵੈ-ਇੱਛਤ ਰਜਿਸਟ ?ਰੇਸ਼ਨ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਜਾਇਦਾਦ ਅਤੇ ਵਿੱਤੀ ਜ਼ਿੰਮੇਵਾਰੀਆਂ ਨੂੰ ਸਪਸ਼ਟ ਤੌਰ 'ਤੇ ਪਰਿਭਾਸ਼ਿਤ ਕੀਤਾ ਜਾ ਸਕੇ। ਨਾਲ ਹੀ, ਨਿਆਂਪਾਲਿਕਾ ਨੂੰ ਸਪੱਸ਼ਟ ਦਿਸ਼ਾ-ਨਿਰਦੇਸ਼ ਵੀ ਬਣਾਉਣੇ ਚਾਹੀਦੇ ਹਨ ਅਤੇ ਲੋਕਾਂ ਨੂੰ ਉਨ੍ਹਾਂ ਦੇ ਕਾਨੂੰਨੀ ਅਧਿਕਾਰਾਂ ਬਾਰੇ ਜਾਗਰੂਕ ਕਰਨਾ ਚਾਹੀਦਾ ਹੈ ਤਾਂ ਜੋ ਭਵਿੱਖ ਦੀਆਂ ਸਮੱਸਿਆਵਾਂ ਤੋਂ ਬਚਿਆ ਜਾ ਸਕੇ।

**ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਵੀਸ਼ ਮਲੋਟ ਪੰਜਾਬ**

## ਲੋਕ ਬਾਣੀ — ਕਵਿਤਾ

### ਕੁਦਰਤ ਹੋਈ ਕਹਿਰਵਾਨ

ਬੋਲਾ ਬੱਦਲ ਆਇਆ ਚੜ੍ਹਕੇ।
ਪਾਣੀ ਵਾਂਗ ਸਮੁੰਦਰ ਗੜ੍ਹਕੇ।
ਕੁਦਰਤ ਕਹਿਰਵਾਨ ਜੀ।

ਟੋਏ ਟਿੱਬੇ ਨੇ ਇੱਕ ਕਰਤੇ।
ਪਾਣੀ ਨਾਲ ਕਿਆਰੇ ਭਰਤੇ।
ਭਰ ਦਿੱਤੇ ਮੈਦਾਨ ਜੀ।
ਕੁਦਰਤ ਕਹਿਰਵਾਨ ਜੀ।

ਘਰ ਬਾਰ ਕਈਆ ਦੇ ਢਹਿਗੇ।
ਮੰਜੇ ਪੀੜ੍ਹੀਆਂ ਵਿੱਚੇ ਵਹਿਗੇ।
ਚੋਰ ਲੈ ਗਏ ਸਮਾਨ ਜੀ।
ਕੁਦਰਤ ਕਹਿਰਵਾਨ ਜੀ।

ਰੱਬ ਮੂਹਰੇ ਜ਼ੋਰ ਨਾ ਕੋਈ।
ਏਦੂ ਬਿਨਾਂ ਹੋਰ ਨਾ ਕੋਈ।
ਜੋ ਸੁਣੇ ਕਰ ਕਾਨ ਜੀ।
ਕੁਦਰਤ ਕਹਿਰਵਾਨ ਜੀ।

ਮਾੜਾ ਹੁੰਦਾ ਬਹੁਤਾ ਰੋੜ੍ਹ।
ਨਾ ਸੋਕੇ ਨਾ ਡੋਬੇ ਦੀ ਲੋੜ।
'ਪੱਤੋ' ਕਰੇ ਬਿਆਨ ਜੀ।
ਕੁਦਰਤ ਕਹਿਰਵਾਨ ਜੀ।

**ਹਰਪ੍ਰੀਤ ਪੱਤੋ, ਸੰਪਰਕ : 94658-21417**

# ਨੈਸ਼ਨਲ ਡੀ-ਵਾਰਮਿੰਗ ਡੇ "ਬੱਚਿਆਂ ਨੂੰ ਐਲਬੇਂਡਾਜੋਲ ਦੀਆਂ ਗੋਲੀਆਂ ਖਵਾ ਕੇ ਸਿਵਲ ਸਰਜਨ ਨੇ ਜ਼ਿਲ੍ਹਾ ਪੱਧਰੀ ਮੁਹਿੰਮ ਦੀ ਕੀਤੀ ਸ਼ੁਰੂਆਤ

## 1 ਤੋਂ 19 ਸਾਲ ਦੇ 7,36,500 ਬੱਚਿਆਂ ਨੂੰ ਗੋਲੀਆਂ ਖਵਾਉਣ ਦਾ ਰੱਖਿਆ ਟੀਚਾ

ਅੰਮ੍ਰਿਤਸਰ, (ਲੋਕ ਬਾਣੀ)- ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਸਿਹਤ ਵਿਭਾਗ ਵਲੋਂ ਨੈਸ਼ਨਲ ਡੀ-ਵਾਰਮਿੰਗ ਡੇ ਸਬੰਧੀ ਜ਼ਿਲ੍ਹਾ ਪੱਧਰੀ ਮੁਹਿੰਮ ਦੀ ਸ਼ੁਰੂਆਤ ਸਿਵਲ ਸਰਜਨ ਡਾ ਕਿਰਨਦੀਪ ਕੌਰ ਵਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁਸਤਫਾਬਾਦ ਵਿਖੇ ਸਕੂਲ ਦੇ ਬੱਚਿਆਂ ਨੂੰ ਐਲਬੇਂਡਾਜੋਲ ਦੀਆਂ ਗੋਲੀਆਂ ਖੁਆ ਕੇ ਕੀਤੀ ਗਈ। ਇਸ ਅਵਸਰ ਤੇ ਸੰਬੋਧਨ ਕਰਦਿਆਂ ਸਿਵਲ ਸਰਜਨ ਡਾ.ਕਿਰਨਦੀਪ ਕੌਰ ਨੇ ਕਿਹਾ ਕਿ ਬੱਚਿਆਂ ਦੇ ਪੇਟ ਵਿਚ ਕੀੜੇ ਆਮ ਰੋਗ ਹੈ, ਪਰ ਜੇਕਰ ਇਸ ਦਾ ਸਮੇ ਸਿਰ ਇਲਾਜ ਨਾ ਕੀਤਾ ਜਾਵੇ ਤਾਂ ਇਹ ਰੋਗ ਹੋਰ ਕਈ ਬੀਮਾਰੀਆ ਦਾ ਰੂਪ ਲੈ ਸਕਦਾ ਹੈ, ਜਿਵੇਂ ਕਿ ਅਨੀਮੀਆਂ, ਕੁਪੋਸ਼ਨ, ਕਮਜੋਰੀ, ਸ਼ਰੀਰਕ ਅਤੇ ਮਾਨਸਿਕ ਵਿਕਾਸ ਵਿਚ ਕਮੀਂ ਆਦਿ। ਇਸ ਲਈ ਅੱਜ ਦੇ ਦਿਨ ਪੂਰੇ ਭਾਰਤ ਭਰ ਵਿਚ ਇਹ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਜਿਲਾ ਅੰਮ੍ਰਿਤਸਰ ਵਿਚ ਵੀ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਸਕੂਲ਼ਾਂ ਦੇ ਬੱਚਿਆਂ ਤੋਂ ਇਲਾਵਾ ਘਰਾਂ ਵਿਚ ਵੀ ਪੈਰਾਮੈਡੀਕਲ ਸਟਾਫ ਵਲੋਂ ਅਲਬੇਂਡਾਜੋਲ ਦੀ ਗੋਲੀ ਖੁਆਈ ਜਾ ਰਹੀ ਹੈ। ਉਹਨਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਮੁਹਿੰਮ ਦਾ ਪੂਰਾ ਲਾਭ ਲੈਣ ਅਤੇ



ਆਪਣੇ 1 ਤੋਂ ਲੈਕੇ 19 ਸਾਲਾਂ ਤੱਕ ਦੇ ਸਾਰੇ ਬੱਚਿਆਂ ਨੂੰ ਐਲਬੇਂਡਾਜੋਲ ਦੀ ਗੋਲੀ ਜਰੂਰ ਖੁਆਉਣ ਅਤੇ ਜਿਹੜੇ ਬੱਚੇ ਅੱਜ ਰਹਿ ਜਾਣਗੇ ਉਨਾ ਨੂੰ ਮੋਪ ਅੱਪ ਦਿਵਸ 14 ਅਗਸਤ 2025 ਨੂੰ ਐਲਬੇਂਡਾਜੋਲ ਦੀਆਂ ਗੋਲੀਆਂ ਖੁਆਈਆਂ ਜਾਣਗੀਆਂ।

# ਸਿਵਲ ਸਰਜਨ ਵੱਲੋਂ ਜਿਲ੍ਹਾ ਹਸਪਤਾਲ ਦੀ ਕੀਤੀ ਅਚਨਚੇਤ ਚੈਕਿੰਗ, ਲਾਪਰਵਾਹੀ ਕਰਨ ਵਾਲਿਆਂ ਨੂੰ ਦਿੱਤੀ ਚਿਤਾਵਨੀ

## ਡਾਕਟਰਾਂ ਨੂੰ ਜਾਰੀ ਕੀਤੇ ਆਦੇਸ਼,ਕਿਸੇ ਵੀ ਮਰੀਜ਼ ਨੂੰ ਬਾਹਰੋਂ ਦਵਾਈ ਨਾ ਲਿਖੀ ਜਾਵੇ

ਅੰਮ੍ਰਿਤਸਰ (ਲੋਕ ਬਾਣੀ)-ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਸਿਵਲ ਸਰਜਨ ਅੰਮ੍ਰਿਤਸਰ ਡਾ. ਕਿਰਨਦੀਪ ਕੌਰ ਵੱਲੋਂ ਅੱਜ ਸਿਵਲ ਹਸਪਤਾਲ ਅੰਮ੍ਰਿਤਸਰ ਵਿਖੇ ਅਚਨਚੇਤ ਚੈਕਿੰਗ ਕੀਤੀ ਗਈ। ਜਿਸ ਦੌਰਾਨ ਉਹਨਾਂ ਵੱਲੋਂ ਓਪੀਡੀ ਦੇ ਬਾਹਰ ਮਰੀਜ਼ਾਂ ਪੁੱਛ ਪੜਤਾਲ ਕੀਤੀ ਗਈ ਅਤੇ ਮਰੀਜ਼ਾਂ ਦੀਆਂ ਪਰਚੀਆਂ ਚੈੱਕ ਕਰਕੇ ਤਫਤੀਸ਼ ਕੀਤੀ ਗਈ ਕਿ ਕਿਸੇ ਮਰੀਜ਼ ਨੂੰ ਕੋਈ ਬਾਹਰੋਂ ਦਵਾਈ ਤਾਂ ਨਹੀਂ ਲਿਖੀ ਹੋਈ। ਇਸ ਚੈਕਿੰਗ ਦੌਰਾਨ ਉਹਨਾਂ ਨੇ ਪਾਇਆ ਕਿ ਕੁਝ ਮਰੀਜ਼ ਬਾਹਰੋਂ ਲੈਣ ਜਾ ਰਹੇ ਸਨ। ਜਿਸ ਦੀ ਜਾਂਚ ਪੜਤਾਲ ਕਰਦਿਆਂ ਇਹ ਪਤਾ ਲੱਗਾ ਕਿ ਸਿਵਲ ਹਸਪਤਾਲ ਦੇ ਵਿੱਚ ਸਥਿਤ ਫਾਰਮੈਸੀ ਅਫਸਰਾਂ ਦੀ ਅਣਗਹਿਲੀ ਕਾਰਨ ਅਜਿਹਾ ਵਾਪਰ ਰਿਹਾ ਹੈ, ਕੁਝ ਫਾਰਮੈਸੀ ਅਫਸਰਾਂ ਵੱਲੋਂ ਮੇਨ ਸਟੋਕ ਦੇ ਵਿੱਚੋਂ ਉਕਤ



ਦਵਾਈਆਂ ਕਢਵਾਈਆਂ ਹੀ ਨਹੀਂ ਗਈਆਂ। ਜਿਸ ਤੇ ਸਿਵਲ ਸਰਜਨ ਵੱਲੋਂ ਸਖਤ ਨਰਾਜ਼ਗੀ ਜਾਹਰ ਕਰਦਿਆਂ ਹੋਇਆ। ਉਹਨਾਂ ਨੂੰ ਸਖਤ ਤਾੜਨਾ ਕੀਤੀ ਕਿ ਉਹ ਆਪਣੇ ਕੰਮ ਵਿੱਚ ਸੁਧਾਰ ਲਿਆਉਣ, ਨਹੀਂ ਤਾਂ ਬਣਦੀ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਇਸ ਦੌਰਾਨ ਉਹਨਾਂ ਵੱਲੋਂ ਸੀਨੀਅਰ ਮੈਡੀਕਲ ਅਫਸਰ ਅਤੇ ਸਮੂਹ ਮੈਡੀਕਲ ਅਫਸਰਾਂ ਨੂੰ ਹਦਾਇਤ ਕੀਤੀ, ਕਿ ਉਹ ਯਕੀਨੀ ਬਣਾਉਣ ਕਿ ਕਿਸੇ ਵੀ ਮਰੀਜ਼ ਨੂੰ ਬਾਹਰੋਂ ਦਵਾਈ ਨਾ ਲਿਖੀ ਜਾਵੇ।

# ਸੁਤੰਤਰਤਾ ਦਿਵਸ ਸਬੰਧੀ ਪਹਿਲੀ ਰਿਹਰਸਲ ਡੀਸੀ ਡੀਏਵੀ ਸਕੂਲ ਫਾਜ਼ਿਲਕਾ ਦੇ ਵਿਹੜੇ ਵਿੱਚ ਹੋਈ

ਫਾਜ਼ਿਲਕਾ (ਲੋਕ ਬਾਣੀ)-15 ਅਗਸਤ ਨੂੰ ਹੋਣ ਵਾਲਾ ਜ਼ਿਲ੍ਹਾ ਪੱਧਰੀ ਸੁਤੰਤਰਤਾ ਦਿਵਸ ਸਮਾਗਮ ਸ਼ਹੀਦ ਭਗਤ ਸਿੰਘ ਸਟੇਡੀਅਮ ਫਾਜ਼ਿਲਕਾ ਵਿਖੇ ਮਨਾਇਆ ਜਾਵੇਗਾ। ਇਸ ਸਮਾਗਮ ਨੂੰ ਰਵਾਇਤੀ ਸ਼ਾਨੋ-ਸ਼ੌਕਤ 'ਤੇ ਉਤਸ਼ਾਹ ਨਾਲ ਮਨਾਉਣ ਲਈ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੇ ਦਿਸ਼ਾ ਨਿਰਦੇਸ਼ਾ ਹੇਠ ਐੱਸ.ਡੀ.ਐੱਮ ਮੈਡਮ ਵੀਰਪਾਲ ਕੌਰ ਦੀ ਅਗਵਾਈ ਹੇਠ ਪਹਿਲੀ ਰਿਹਰਸਲ ਸਟੇਡੀਅਮ ਡੀ.ਸੀ.ਡੀਏਵੀ ਸਕੂਲ ਫਾਜਿਲਕਾ ਦੇ ਵਿਹੜੇ ਵਿੱਚ ਹੋਈ। ਰਿਹਰਸਲ ਮੌਕੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਜਿਵੇਂ ਕੋਰਿਓਗ੍ਰਾਫੀ, ਗਿੱਧਾ, ਭੰਗੜਾ, ਗੱਤਕਾ ਆਦਿ ਪੇਸ਼ ਕੀਤੇ ਗਏ। ਰਿਹਰਸਲ ਤੋਂ ਬਾਅਦ ਐੱਸ.ਡੀ.ਐੱਮ ਵੀਰਵਾਲ ਕੌਰ



ਵੱਲੋਂ ਅਧਿਕਾਰੀਆਂ ਤੇ ਸਕੂਲਾਂ ਦੇ ਟੀਚਰਾਂ ਨਾਲ ਮੀਟਿੰਗ ਕੀਤੀ ਗਈ । ਮੀਟਿੰਗ ਦੌਰਾਨ ਪੇਸ਼ਕਾਰੀ ਵਿੱਚ ਪਾਈ ਗਈ ਖਾਮੀਆਂ ਬਾਰੇ ਵਿਚਾਰ ਚਰਚਾ ਕੀਤੀ ਗਈ ਅਤੇ ਉਸ ਨੂੰ ਦੁਰੱਸਤ ਕਰਨ ਬਾਰੇ ਕਿਹਾ। ਉਨ੍ਹਾਂ ਕਿਹਾ ਕਿ ਸੁਤੰਤਰਤਾ ਦਿਵਸ ਸਮਾਗਮ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਸਮੂਹ ਵਿਭਾਗਾਂ ਵੱਲੋਂ ਆਪਣੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਨਾਲ ਨਿਭਾਈ ਜਾਵੇ। ਉਨ੍ਹਾਂ ਨੇ ਵੱਖ-ਵੱਖ ਵਿਭਾਗਾਂ ਜਿਨ੍ਹਾਂ ਵਿਚੋਂ ਨਗਰ ਕੌਂਸਲ, ਸਿੱਖਿਆ ਵਿਭਾਗ, ਸਿਹਤ ਵਿਭਾਗ, ਪੀ.ਡਬਲਯੂ.ਡੀ. ਵਿਭਾਗ, ਪੁਲਿਸ ਵਿਭਾਗ, ਜੰਗਲਾਤ ਵਿਭਾਗ, ਬਾਗ਼ਬਾਨੀ ਵਿਭਾਗ, ਡੇਅਰੀ ਵਿਭਾਗ, ਖੇਡ ਵਿਭਾਗ, ਜਲ ਸਪਲਾਈ ਤੇ ਸੈਨੀਟੇਸ਼ਨ, ਡੀਡੀਪੀਓ, ਯੁਵਕ ਸੇਵਾਵਾਂ ਵਿਭਾਗ ਅਤੇ ਖ਼ੁਰਾਕ ਸਪਲਾਈ ਵਿਭਾਗ ਆਦਿ ਸ਼ਾਮਲ ਸਨ, ਦੇ ਅਧਿਕਾਰੀਆਂ ਨੂੰ ਜ਼ਿਲ੍ਹਾ ਪੱਧਰੀ ਪ੍ਰੋਗਰਾਮ ਦੀਆਂ ਤਿਆਰੀਆਂ ਮੁਕੰਮਲ ਕਰਨ ਲਈ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ।

# ਸਿੰਗਰ-ਲਿਰਿਸਿਸਟ ਸਾਵੀ ਕਾਹਲੋਂ ਅਤੇ ਉਭਰਦੀ ਸਟਾਰ ਸ਼ਹਤ ਗਿਲ ਨੇ ਮਿਲ ਕੇ 'ਅੱਗ ਪਾਣੀਆਂ ਚ' ਨੂੰ ਨਵੇਂ ਅੰਦਾਜ਼ ਵਿੱਚ ਪੇਸ਼ ਕੀਤਾ

## ਪੰਜਾਬੀ ਸੰਗੀਤ ਵਿੱਚ ਇੱਕ ਨਵੀਂ ਲਹਿਰ: 'ਅੱਗ ਪਾਣੀਆਂ ਚ' ਦਾ ਰੀ-ਇਮੇਜੀਨੇਸ਼ਨ

ਲੁਧਿਆਣਾ, (ਲੋਕ ਬਾਣੀ)-ਪੰਜਾਬੀ ਸੰਗੀਤ ਦੀ ਦੁਨੀਆ ਵਿੱਚ ਇੱਕ ਨਵੀਂ ਲਹਿਰ ਆਈ ਹੈ, ਜਿਸ ਵਿੱਚ ਸਿੰਗਰ-ਲਿਰਿਸਿਸਟ ਸਾਵੀ ਕਾਹਲੋਂ ਅਤੇ ਉਭਰਦੀ ਸਟਾਰ ਸ਼ਹਤ ਗਿਲ ਨੇ ਪੰਜਾਬੀ ਮਿਊਜ਼ਿਕ ਦੇ ਕਲਾਸਿਕ ਗੀਤ 'ਅੱਗ ਪਾਣੀਆ ਚ' ਨੂੰ ਨਵਾਂ ਰੂਪ ਦਿੱਤਾ ਹੈ। ਇਸ ਗਾਣੇ ਨੂੰ ਸਾਵੀ ਨੇ ਅਦਭੁਤ ਤਰੀਕੇ ਨਾਲ ਇੱਕ ਵਾਰ ਫਿਰ ਤਿਆਰ ਕੀਤਾ ਹੈ, ਜਿਸ ਵਿੱਚ ਸੁਰਿੰਦਰ ਕੌਰ ਦੀ ਗੂੰਜਦਾਰ ਆਵਾਜ਼ ਦੇ ਨਾਲ ਅਫਰੀਕੀ ਬੀਟਸ ਜੋੜੀਆਂ ਗਈਆਂ ਹਨ। ਇਹ ਗਾਣਾ ਪੁਰਾਣੀ ਧੁਨ ਅਤੇ ਨਵੇਂ ਸਟਾਈਲ ਦਾ ਸ਼ਾਨਦਾਰ ਰੀਮਿਕਸ ਹੈ, ਜੋ ਨਵੇਂ ਸਰੋਤਿਆਂ ਨੂੰ ਵੀ ਲੁਭਾਉਂਦਾ ਹੈ। ਗਾਣੇ ਦੇ ਮਿਊਜ਼ਿਕ ਵੀਡੀਓ ਵਿੱਚ ਪੰਜਾਬੀ ਐਕਟਰੈਸ ਅਤੇ ਮਾਡਲ ਅਵੀਰਾ ਸਿੰਘ ਮੈਸਨ ਦੀ ਮੌਜੂਦਗੀ ਹੈ, ਜਿਨ੍ਹਾਂ ਨੇ ਆਪਣੀਆਂ ਖੂਬਸੂਰਤ ਅਦਾਵਾਂ ਰਾਹੀਂ ਗਾਣੇ ਨੂੰ ਹੋਰ ਵੀ ਆਕਰਸ਼ਕ ਬਣਾ ਦਿੱਤਾ ਹੈ। ਦ ਮਾਸਟਰਜ਼ ਦੁਆਰਾ ਪ੍ਰੋਡਿਊਸ ਕੀਤਾ ਗਿਆ ਇਹ ਗਾਣਾ, ਸੰਗੀਤ ਦੀ ਪਰੰਪਰਿਕਤਾ ਅਤੇ ਆਧੁਨਿਕਤਾ ਦਾ ਇੱਕ ਵੱਖਰਾ ਸੁਮੇਲ ਪੇਸ਼ ਕਰਦਾ ਹੈ। ਸ਼ਹਤ ਗਿਲ, ਜੋ ਪਹਿਲਾਂ ਹੀ 'ਬੀਏਐਮਬੀ' ਅਤੇ 'ਹੁਲਾਰੇ' ਵਰਗੇ ਹਿੱਟ ਗਾਣਿਆਂ ਲਈ ਜਾਣੀ ਜਾਂਦੀ ਹਨ, ਨੇ ਸਾਵੀ ਕਾਹਲੋਂ ਦੇ ਨਾਲ ਮਿਲ ਕੇ 'ਅੱਗ ਪਾਣੀਆਂ ਚ' ਨੂੰ ਨਵਾਂ ਅੰਦਾਜ਼ ਦਿੱਤਾ ਹੈ। ਸਾਵੀ ਕਾਹਲੋਂ ਨੇ ਦੱਸਿਆ ਕਿ ਇਨ੍ਹਾਂ ਲਈ ਇਹ ਇੱਕ ਵਿਸ਼ੇਸ਼ ਅਨੁਭਵ ਹੈ, ਕਿਉਂਕਿ ਉਨ੍ਹਾਂ ਨੇ ਆਪਣੀ ਪਸੰਦੀਦਾ ਧੁਨ ਨੂੰ ਆਪਣੇ ਤਰੀਕੇ ਨਾਲ ਪੇਸ਼ ਕੀਤਾ ਹੈ। ਉਨ੍ਹਾਂ ਨੇ ਕਿਹਾ, "ਸੁਰਿੰਦਰ ਕੌਰ ਦੀ ਆਵਾਜ਼ ਸਾਡੀ ਸੰਸਕ੍ਰਿਤਿਕ ਪਹਿਚਾਣ ਹੈ, ਅਤੇ ਉਸਨੂੰ ਇਸ ਨਵੇਂ ਰੂਪ ਵਿੱਚ ਪੇਸ਼ ਕਰਨਾ ਮੇਰੇ ਲਈ ਬੜੇ ਮਾਣ ਦੀ ਗੱਲ ਹੈ।"ਸ਼ਹਤ ਗਿਲ ਨੇ ਇਸ ਬਾਰੇ ਗੱਲ ਕਰਦੇ ਹੋਏ ਦੱਸਿਆ ਕਿ, "ਇਸ ਗਾਣੇ ਦੀ ਖੂਬਸੂਰਤੀ ਇਸਦੇ ਉਸ ਰੂਪ ਵਿੱਚ ਹੈ, ਜਿੱਥੇ ਇਹ ਗੀਤ ਜਾਣਾ-ਪਛਣਾ ਵੀ ਲੱਗਦਾ ਹੈ ਅਤੇ ਬਿਲਕੁਲ ਵੱਖਰਾ ਅਤੇ ਨਵਾਂ ਵੀ ਲੱਗਦਾ ਹੈ।

# ਮੁਬਾਰਿਕਪੁਰ ਵਿਖੇ ਕਾਜ਼ਵੇ ਦੀ ਥਾਂ ਪੁਲ ਦੀ ਸੰਭਾਵਨਾ ਵਿਚਾਰ ਅਧੀਨ- ਡੀ ਸੀ

## ਘੱਗਰ ਦਰਿਆ ਨੇੜੇ ਰਹਿਣ ਵਾਲੇ ਲੋਕਾਂ ਨੂੰ ਸੁਚੇਤ ਰਹਿਣ ਦੀ ਅਪੀਲ

ਮੋਹਾਲੀ , (ਸਵਰਨ ਸਿੰਘ ਬਾਵਾ)- ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਲ੍ਹ ਸੁਖਨਾ ਹੈੱਡ ਤੋਂ ਵਾਧੂ ਪਾਣੀ ਛੱਡੇ ਜਾਣ ਕਾਰਨ ਹਾਲ ਹੀ ਵਿੱਚ ਸੁਖਨਾ ਚੋਅ ਵਿੱਚ ਹੋਏ ਓਵਰਫਲੋ ਤੋਂ ਬਾਅਦ ਸਥਿਤੀ ਦਾ ਜਾਇਜ਼ਾ ਲੈਣ ਲਈ ਬਲਟਾਣਾ ਅਤੇ ਮੁਬਾਰਿਕਪੁਰ ਦਾ ਦੌਰਾ ਕੀਤਾ। ਉਨ੍ਹਾਂ ਵਸਨੀਕਾਂ ਨੂੰ ਭਰੋਸਾ ਦਿੱਤਾ ਕਿ ਜ਼ਿਲ੍ਹਾ ਪ੍ਰਸ਼ਾਸਨ ਜ਼ਿਲ੍ਹੇ ਵਿੱਚ ਸੁਖਨਾ ਚੋਅ ਅਤੇ ਘੱਗਰ ਦਰਿਆ ਦੇ ਨਾਲ ਲੱਗਦੇ ਸਾਰੇ ਸੰਵੇਦਨਸ਼ੀਲ ਸਥਾਨਾਂ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ। ਘੱਗਰ ਦਰਿਆ/ਸੁਖਨਾ ਚੋਅ ਦੇ ਕੰਢਿਆਂ ਦੇ ਨੇੜੇ ਰਹਿਣ ਵਾਲੇ ਵਸਨੀਕਾਂ ਨੂੰ ਅਪੀਲ ਕਰਦੇ ਹੋਏ, ਡਿਪਟੀ ਕਮਿਸ਼ਨਰ ਨੇ ਉਨ੍ਹਾਂ ਨੂੰ ਪਾਣੀ ਵਹਾਅ ਦੇ ਪੱਧਰ ਵਿੱਚ ਉਤਰਾਅ-ਚੜ੍ਹਾਅ ਕਾਰਨ ਹੜ੍ਹ ਦੇ ਖ਼ਤਰੇ ਦੇ ਮੱਦੇਨਜ਼ਰ ਸੁਖਨਾ ਚੋਅ ਅਤੇ ਘੱਗਰ ਦਰਿਆ ਦੋਵਾਂ ਦੇ ਕੰਢਿਆਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਹਾਲ ਹੀ ਵਿੱਚ ਘੱਗਰ ਦੇ



ਟਿਵਾਣਾ ਕੰਢੇ 'ਤੇ ਪਾਣੀ ਦੇ ਓਵਰਫਲੋਅ ਕਾਰਨ ਦਰਾਰ ਪੈ ਗਈ ਸੀ, ਅਤੇ ਡਰੇਨੇਜ ਵਿਭਾਗ ਨੂੰ ਤੁਰੰਤ ਮੁਰੰਮਤ ਦੇ ਕੰਮ ਕਰਨ ਲਈ ਤਾਇਨਾਤ ਕੀਤਾ ਗਿਆ ਹੈ।

# ਵਿਕਾਸ ਕੰਮਾ ਨੂੰ ਲੈ ਕੇ ਵਿਧਾਇਕ ਡਾ.ਇੰਦਰਬੀਰ ਸਿੰਘ ਨਿਝਰ ਅਤੇ ਨਿਗਮ ਅਧਿਕਾਰੀਆਂ ਨਾਲ ਕੀਤੀ ਬੈਠਕ

ਅੰਮ੍ਰਿਤਸਰ, (ਲੋਕ ਬਾਣੀ)- ਵਿਧਾਨ ਸਭਾ ਹਲਕਾ ਦੱਖਣੀ ਦੇ ਵਿਧਾਇਕ ਡਾ.ਇੰਦਰਬੀਰ ਸਿੰਘ ਨਿਝਰ ਅਤੇ ਨਗਰ ਨਿਗਮ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵਿੱਚਾਲੇ ਮੀਟਿੰਗ ਹੋਈ ਇਸ ਮੀਟਿੰਗ ਵਿੱਚ ਹਲਕਾ ਦੱਖਣੀ ਦੇ ਇਲਾਕਿਆ ਵਿੱਚ ਹੋਣ ਵਾਲੇ ਵੱਖ-2 ਵਿਕਾਸ ਕੰਮਾ ਨੂੰ ਲੈ ਕੇ ਵਿਚਾਰ ਵਟਾਂਦਰਾ ਕੀਤਾ ਗਿਆ ਅਜ ਦੀ ਇਸ ਮੀਟਿੰਗ ਵਿੱਚ ਵਿਧਾਇਕ ਵਲੋਂ ਇਲਾਕੇ ਦੀ ਸਾਫ-ਸਫਾਈ, ਸੀਵਰੇਜ ਦੀ ਡੀਸਿਲਟਿੰਗ,ਸਿਵਲ ਦੇ ਸੜਕਾਂ ਅਤੇ ਪੈਚ ਵਰਕੇ ਦੇ ਕੰਮ,ਸਟਰੀਟ ਲਾਇਟਾਂ ਦੇ ਰੱਖ-ਰਖਾਵ ਅਤੇ ਅਸਟੇਟ ਵਿਭਾਗ ਨਾਲ ਸਬੰਧਤ ਕੰਮਾ ਬਾਰੇ ਵਿਸਥਾਰ ਪੂਰਵਕ ਗਲਬਾਤ ਕੀਤੀ ਗਈ ਅਤੇ ਇਲਾਕਾ ਨਿਵਾਸੀਆਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਦੇ ਜਲਦ ਹੱਲ ਲਈ ਸਬੰਧਤ ਵਿਭਾਗਾਂ ਨੂੰ ਹਦਾਇਤਾ ਕਰਨ ਲਈ ਕਿਹਾ ਗਿਆ । ਮੀਟਿੰਗ ਵਿੱਚ ਨਿਗਰਾਨ ਇੰਜੀਨਿਅਰ ਸੰਦੀਪ ਸਿੰਘ, ਸਿਹਤ ਅਫਸਰ ਡਾ.ਯੋਗੇਸ਼



ਅਰੋੜਾ,ਕਾਰਜਕਾਰੀ ਇੰਜੀਨਿਰ ਮਨਜੀਤ ਸਿੰਘ,ਐਸ.ਪੀ.ਸਿੰਘ,ਐਮ.ਟੀ.ਪੀ ਨਰਿੰਦਰ ਸ਼ਰਮਾ,ਏ.ਟੀ.ਪੀ ਵਜੀਰ ਰਾਜ,ਰਮਨ ਸ਼ਰਮਾ , ਅਸਟੇਟ ਅਫਸਰ ਧਰਮਿੰਦਰਜੀਤ ਸਿੰਘ, ਵਿਗਿਆਪਨ ਸੁਪਰਡੰਟ ਪੁਸ਼ਪਿੰਦਰ ਸਿੰਘ ਤੋ ਇਲਾਵਾ ਐਸ.ਡੀ.ਓਜ ਅਤੇ ਜੇਈਜ ਹਾਜਰ ਸਨ । ਕਮਿਸ਼ਨਰ ਗੁਲਪ੍ਰੀਤ ਸਿੰਘ ਨੇ ਦਸਿਆ ਕਿ ਨਗਰ ਨਿਗਮ ਅੰਮ੍ਰਿਤਸਰ ਵਲੋਂ ਸ਼ਹਿਰ ਦੇ ਹਰ ਇਕ ਵਿਧਾਨ ਸਭਾ ਹਲਕੇ ਦੇ ਇਲਾਕਿਆ ਦੇ ਵਿਕਾਸ ਕਾਰਜਾਂ ਲਈ ਵੱਖ-2 ਮੱਧਾ ਅਧੀਨ ਟੈਂਡਰ ਲਗਾਏ ਗਏ ਹਨ ਜਿੰਨਾ ਤਹਿਤ ਜਲਦੀ ਹੀ ਕੰਮ ਸ਼ੁਰੂ ਕਰ ਦਿਤੇ ਜਾਣਗੇ । ਹਲਕਾ ਦੱਖਣੀ ਦੇ ਇਲਾਕੇ ਵਿੱਚ ਸਾਫ ਸਫਾਈ ਸਬੰਧੀ ਕਮਿਸ਼ਨਰ ਨੇ ਦੱਸਿਆ ਕਿ ਸਿਹਤ ਵਿਭਾਗ ਵਲੋਂ ਰੋਜਾਨਾ ਸੜਕਾਂ ਤੇ ਗਲੀਆਂ ਦੀ ਸਾਫ-ਸਫਾਈ ਬਕਾਇਦਾ ਹੋ ਰਹੀ ਹੈ ਅਤੇ ਕੂੜੇ ਦੀ ਲਿਫਟਿੰਗ ਵੀ ਕੀਤੀ ਜਾ ਰਹੀ ਹੈ ।

# ਬਲਾਕ ਡੱਬਵਾਲਾ ਕਲਾਂ ਦੇ ਆਯੁਸ਼ਮਾਨ ਆਰੋਗਿਆ ਕੇਂਦਰਾਂ ਦੀ ਸੈਕਟਰ ਸਮੀਖਿਆ ਮੀਟਿੰਗ ਕੀਤੀ ਗਈ

ਫਾਜ਼ਿਲਕਾ, ਰਾਜ ਅਰੋੜਾ / ਪ੍ਰਵੀਨ ਕੁਮਾਰ, ਸਿਹਤ ਵਿਭਾਗ ਵੱਲੋਂ ਪਿੰਡ ਪੱਧਰ 'ਤੇ ਕੀਤੇ ਗਏ ਕੰਮਾਂ ਅਤੇ ਪ੍ਰਾਪਤੀਆਂ ਦੀ ਸਮੀਖਿਆ ਕਰਨ ਲਈ ਸਿਵਲ ਸਰਜਨ ਡਾ. ਰਾਜ ਕੁਮਾਰ ਅਤੇ ਸਹਾਇਕ ਸਿਵਿਲ ਸਰਜਨ ਡਾਕਟਰ ਰੋਹਿਤ ਗੋਇਲ ਅਤੇ ਦਿਸ਼ਾ-ਨਿਰਦੇਸ਼ਾਂ ਅਤੇ ਜਿਲਾ ਟੀਕਾਕਰਨ ਅਫਸਰ ਡਾਕਟਰ ਅਰਪਿਤ ਗੁਪਤਾ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਰਿੰਕੂ ਚਾਵਲਾ ਦੀ ਦੇਖਰੇਖ ਵਿੱਚ ਵੀਰਵਾਰ ਨੂੰ ਬਲਾਕ ਡੱਬਵਾਲਾ ਕਲਾਂ ਦੇ ਆਯੁਸ਼ਮਾਨ ਆਰੋਗਿਆ ਕੇਂਦਰਾਂ ਦੀ ਸੈਕਟਰ ਸਮੀਖਿਆ ਮੀਟਿੰਗ ਕੀਤੀ ਗਈ। ਮੀਟਿੰਗ ਵਿਚ ਜ਼ਿਲੇ ਤੋਂ ਜਿਲਾ ਪ੍ਰੋਗਰਾਮ ਮੈਨੇਜਰ ਰਾਜੇਸ਼ ਕੁਮਾਰ, ਕਮਿਉਨਿਟੀ ਆਸ਼ਾ



ਮੋਬਲਾਈਜਰ ਮੈਡਮ ਵਨਿਤਾ ਰਾਣੀ ਮਾਸ ਮੀਡੀਆ ਇੰਚਾਰਜ ਦਿਵੇਸ਼ ਕੁਮਾਰ ਹਾਜਰ ਸੀ

ਮਹੀਨੇ ਕੀਤੀ ਜਾਣ ਵਾਲੀ ਇਸ ਮੀਟਿੰਗ ਵਿੱਚ ਪੂਰੇ ਮਹੀਨੇ ਦੌਰਾਨ ਏਐਨਐਮ ਅਤੇ ਆਸ਼ਾ ਵਰਕਰਾਂ ਅਤੇ ਹੈਲਥ ਵਰਕਰ ਵੱਲੋਂ ਕੀਤੇ ਗਏ ਕੰਮਾਂ ਦੀ ਰਿਪੋਰਟ ਤਿਆਰ ਕੀਤੀ ਗਈ ਅਤੇ ਅਗਲੇ ਮਹੀਨੇ ਦੇ ਟੀਕਾਕਰਨ, ਗਰਭਵਤੀ ਜਾਂਚ, ਪ੍ਰਧਾਨਮੰਤਰੀ ਮਾਤਰਤਵ ਸੁਰਖਿਆ ਅਭਿਆਨ ,ਆਭਾ ਆਈ ਡੀ ਡੇਂਗੂ ਜਾਗਰੂਕਤਾ ਮੁਹਿੰਮ ਅਤੇ ਟੀਬੀ ਰੋਕਥਾਮ ਮੁਹਿੰਮ ਦੇ ਲਈ ਯੋਜਨਾਬੰਦੀ ਕੀਤੀ ਗਈ।

# 15 ਅਗਸਤ ਨੂੰ ਸਵਤੰਤਰਤਾ ਦਿਵਸ ਦੇ ਮੱਦੇਨਜਰ ਮਨਾਏ ਜਾਣ ਵਾਲੇ ਜ਼ਿਲ੍ਹਾ ਪੱਧਰੀ ਸਮਾਗਮ ਦੀਆਂ ਤਿਆਰੀਆਂ ਨੂੰ ਲੈ ਕੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਸਮੂਹ ਵਿਭਾਗੀ ਅਧਿਕਾਰੀਆਂ ਨਾਲ ਮੀਟਿੰਗ

ਫਾਜ਼ਿਲਕਾ 07 ਅਗਸਤ ਰਾਜ ਅਰੋੜਾ / ਪ੍ਰਵੀਨ ਕੁਮਾਰ, 15 ਅਗਸਤ ਨੂੰ ਸਵਤੰਤਰਤਾ ਦਿਵਸ ਦੇ ਮੱਦੇਨਜਰ ਮਨਾਏ ਜਾਣ ਵਾਲੇ ਜ਼ਿਲ੍ਹਾ ਪੱਧਰੀ ਸਮਾਗਮ ਦੀਆਂ ਤਿਆਰੀਆਂ ਨੂੰ ਲੈ ਕੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਸਮੂਹ ਵਿਭਾਗੀ ਅਧਿਕਾਰੀਆਂ ਨਾਲ ਮੀਟਿੰਗ ਕੀਤੀ।ਉਨ੍ਹਾਂ ਕਿਹਾ ਕਿ ਇਹ ਸਮਾਗਮ ਦੇਸ਼ ਵਾਸੀਆਂ ਨੂੰ ਸੁਤੰਤਰਤਾ ਦਿਵਾਉਣ ਵਾਲੀਆ ਨੂੰ ਸਮਰਪਿਤ ਮਨਾਇਆ ਜਾਂਦਾ ਹੈ। ਉਨ੍ਹਾਂ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਮਾਗਮ ਨੂੰ ਪੂਰੇ ਜ਼ੋਸ਼ ਅਤੇ ਉਤਸਾਹ ਨਾਲ ਮਨਾਉਣ ਵਿਚ ਆਪਣੀ ਸੌ ਫੀਸਦੀ ਭਾਗੀਦਾਰੀ ਬਣਾਉਣ ਦੀ ਹਦਾਇਤ ਕੀਤੀ।

ਬੈਠਕ ਦੌਰਾਨ ਡਿਪਟੀ ਕਮਿਸ਼ਨਰ ਨੇ ਸਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਜ਼ਿਲ੍ਹਾ ਪੱਧਰੀ ਸਮਾਗਮ ਦੀਆਂ ਤਿਆਰੀਆਂ ਵਿਚ ਕੋਈ ਕਸਰ ਨਾ ਛੱਡੀ ਜਾਵੇ, ਇਸ ਵਿਚ ਹਰ ਤਰ੍ਹਾਂ ਨਾਲ ਪ੍ਰਬੰਧਾਂ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਸ਼ਹਿਰ, ਚੌਂਕਾਂ ਤੇ ਸਮਾਗਮ ਵਾਲੀ ਥਾਂ ਦੀ ਸਾਫ-ਸਫਾਈ ਤੋਂ ਲੈ ਕੇ ਟਰੈਫਿਕ ਵਿਵਸਥਾ ਨੂੰ ਸੁਚਾਰੂ ਢੰਗ ਨਾਲ ਚਲਾਉਣ ਦੇ ਅਗਾਉ ਪ੍ਰਬੰਧ ਮੁਕੰਮਲ ਕਰ ਲਏ ਜਾਣ। ਉਨ੍ਹਾਂ ਸਿਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਸਭਿਆਚਾਰਕ ਪ੍ਰੋਗਰਾਮ ਦੀ ਪੇਸ਼ਕਾਰੀ ਦਿਲਖਿਚਵੀ ਹੋਣੀ ਚਾਹੀਦੀ ਹੈ।ਪੁਲਿਸ ਵਿਭਾਗ ਨੂੰ ਹਦਾਇਤ ਕੀਤੀ ਕਿ ਟੁਕੜੀਆਂ ਵੱਲੋਂ ਕੱਢੀ ਜਾਣ ਵਾਲੀ ਪਰੇਡ ਵਿਚ ਤਾਲਮੇਲ ਅਤੇ ਤਿਆਰੀ ਵਧੀਆ ਹੋਣੀ ਚਾਹੀਦੀ ਹੈ।

ਉਨ੍ਹਾਂ ਸਿਹਤ ਵਿਭਾਗ ਨੂੰ ਆਦੇਸ਼ ਦਿੱਤੇ ਕਿ ਸਮਾਗਮ ਦੌਰਾਨ ਲੋੜ ਅਨੁਸਾਰ ਮੈਡੀਕਲ ਟੀਮਾਂ ਦੀ ਤਾਇਨਾਤੀ ਵੀ ਯਕੀਨੀ ਬਣਾਈ ਜਾਵੇ।ਉਨ੍ਹਾਂ ਬਿਜਲੀ ਵਿਭਾਗ, ਵਾਟਰ ਸਪਲਾਈ, ਮੰਡੀ ਬੋਰਡ, ਨਗਰ ਕੌਂਸਲ, ਮਾਕਰੀਟ ਕਮੇਟੀ, ਫੂਡ ਸਪਲਾਈ ਵਿਭਾਗ, ਬਾਗਬਾਨੀ, ਖੇਡ ਵਿਭਾਗ ਨੂੰ ਲੋੜੀਂਦੇ ਪ੍ਰਬੰਧਾਂ ਨੂੰ ਅਗਾਉ ਤੌਰ *ਤੇ ਯਕੀਨੀ ਬਣਾ ਲਿਆ ਜਾਵੇ।

# ਰੇਤ ਖੱਡਾਂ ਚਲਾਉਣ ਲਈ ਵਿਭਾਗ ਵੱਲੋਂ ਸਪਲੀਮੈਂਟਰੀ / ਰਿਵਾਈਸਡ ਜ਼ਿਲ੍ਹਾ ਸਰਵੇਅ ਰਿਪੋਰਟ ਤਿਆਰ ਕੀਤੀ ਗਈ

ਫਾਜ਼ਿਲਕਾ, ਰਾਜ ਅਰੋੜਾ / ਪ੍ਰਵੀਨ ਕੁਮਾਰ, ਕਾਰਜਕਾਰੀ ਇੰਜੀਨੀਅਰ-ਕਮ- ਜਲ ਨਿਕਾਸ -ਕਮ -ਮਾਈਨਿੰਗ ਅਤੇ ਜਿਆਲੋਜੀ ਮੰਡਲ ਜਲ ਸਰੋਤ ਵਿਭਾਗ ਸ੍ਰੀ ਗੁਰਵੀਰ ਿ ਸ ੰ ਘ ਸਿੱਧੂ ਨੇ ਦੱਸਿਆ ਿ ਕ ਮਨਜੂਰਸ਼ੁਦਾ ਰੇਤ ਖੱਡਾਂ ਚਲਾਉਣ ਲਈ ਵਿਭਾਗ ਵੱਲੋਂ ਸਪਲੀਮੈਂਟਰੀ / ਰਿਵਾਈਸਡ ਜ਼ਿਲ੍ਹਾ ਸਰਵੇਅ ਰਿਪੋਰਟ ਤਿਆਰ ਕੀਤੀ ਗਈ ਹੈ ਜਿਸ ਦੀ ਡਰਾਫਟ ਕਾਪੀ ਜਿਲ੍ਹਾ ਫਾਜਿਲਕਾ ਦੀ ਵੈਬਸਾਈਟ https://f azilka.nic.in ਵਿਖੇ ਉਪਲੱਬਧ ਹੈ ਅਤੇ ਇਸ ਸਬੰਧੀ ਸੁਝਾਅ ਇਸ ਦਫਤਰ ਦੀ ਈ-ਮੇਲ ਆਈ.ਡੀ xendcd-fzkminin g@gmail.com ਤੇ ਭੇਜੇ ਜਾ ਸਕਦੇ ਹਨ




# ਸੰਸਾਰ ਵਿੱਚ ਸੱਭ ਤੋਂ ਵੱਡਾ ਪੁੰਨ ਦਾਨ ਖ਼ੂਨਦਾਨ ਮਹਾ-ਦਾਨ-ਜੱਥੇਦਾਰ ਨਿਮਾਣਾ

## ਫਿਟਨੈਸ ਵਰਲਡ ਜਿਮ ਵਲੋਂ ਮਨੁੱਖਤਾ ਦੇ ਭਲੇ ਲਈ ਪਹਿਲਾਂ ਖ਼ੂਨਦਾਨ ਕੈਂਪ ਲਾਇਆ

ਲੁਧਿਆਣਾ ( ਸੁਖਚੈਨ ਮਹਿਰਾ) ਸ਼੍ਰਸ਼ਟੀ ਦੀ ਚਾਦਰ ਸ੍ਰੀ ਗੁਰੁ ਤੇਗ ਬਹਾਦਰ ਸਾਹਿਬ ਜੀ, ਭਾਈ ਸਤੀ ਦਾਸ ਜੀ ਭਾਈ ਮਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਭਾਈ ਘੱਨ ?ਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ) ਵੱਲੋਂ ਮੁੱਖ ਸੇਵਾਦਾਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ 823ਵਾ ਮਹਾਨ ਖ਼ੂਨਦਾਨ ਕੈਂਪ ਲਖਵੀਰ ਪੂਰੀ, ਨਿਤਿਨ ਦੀਵਾਨ, ਤੇ ਮੱਖਣ ਸੰਧੂ ਦੇ ਪੂਰਨ ਸਹਿਯੋਗ ਨਾਲ ਫਿਟਨੈਸ ਵਰਲਡ ਜਿਮ, ਸੁਭਾਸ਼ ਨਗਰ ਵਿੱਖੇ ਲਗਾਇਆ ਗਿਆ। ਇਸ ਸਮੇਂ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘੱਨ ?ਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ) ਨੇ ਨੌਜਵਾਨਾਂ ਨੂੰ ਪ੍ਰੇਰਦਿਆ



ਕਿਹਾ ਹਸਪਤਾਲ ਵਿੱਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੇ ਮਰੀਜ਼ਾਂ ਦੇ ਮਾਂ ਦੇ ਹੰਝੂ ਉਸਦੀ ਜ਼ਿੰਦਗੀ ਨੂੰ ਨਹੀਂ ਬਚਾ ਸਕਦੇ, ਤੁਹਾਡੇ ਵਲੋਂ ਦਾਨ ਕੀਤੇ ਖ਼ੂਨ ਨਾਲ ਤਿੰਨ ਕੀਮਤੀ ਮਨੁੱਖੀ ਜ਼ਿੰਦਗੀਆਂ ਨੂੰ ਬਚਾਇਆ ਜਾ ਸਕਦਾ ਹੈ ਸੰਸਾਰ ਵਿਚ ਸੱਭ ਤੋਂ ਵਡਾ ਖ਼ੂਨਦਾਨ ਪੁੰਨ ਦਾ ਮਹਾ-ਦਾਨ ਹੈ। ਇਸ ਮੌਕੇ ਤੇ ਸੁਸਾਇਟੀ ਦੇ ਮੀਤ ਪ੍ਰਧਾਨ ਬਲਦੇਵ ਸਿੰਘ ਸੰਧੂ ਨੇ ਦੱਸਿਆ ਕਿ ਖ਼ੂਨਦਾਨ ਕੈਂਪ ਦੌਰਾਨ 50 ਬਲੱਡ ਯੂਨਿਟ ਗੁਰੂ ਤੇਗ ਬਹਾਦਰ (ਚੈ) ਹਸਪਤਾਲ ਅਤੇ ਪ੍ਰੀਤ ਹਸਪਤਾਲ ਦੇ ਸਹਿਯੋਗ ਨਾਲ ਇਕੱਤਰ ਹੋਏ ਖ਼ੂਨ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿਚ ਲੈਕੇ ਦਿੱਤਾ ਜਾਵੇਗਾ।

# ਗੁਰੂ ਨਗਰੀ ਦੀਆਂ ਸੜਕਾਂ ਦੇ ਸੁੰਦਰੀਕਰਨ ਅਤੇ ਸਫਾਈ ਲਈ ਨਗਰ ਨਿਗਮ ਦੀ ਮੁਹਿੰਮ 10ਵੇਂ ਦਿਨ ਵੀ ਜਾਰੀ

## ਸ਼ਹਿਰ ਦੇ ਸੁੰਦਰੀਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ- ਵਿਧਾਇਕ ਡਾ. ਅਜੇ ਗੁਪਤਾ

ਅੰਮ੍ਰਿਤਸਰ, (ਲੋਕ ਬਾਣੀ)- ਸ਼ਹਿਰ ਦੀਆਂ ਸੜਕਾਂ ਦੇ ਸੁੰਦਰੀਕਰਨ ਅਤੇ ਸਫਾਈ ਲਈ ਨਗਰ ਨਿਗਮ ਵੱਲੋਂ ਚਲਾਈ ਜਾ ਰਹੀ ਮੁਹਿੰਮ 10ਵੇਂ ਦਿਨ ਵਿੱਚ ਦਾਖਲ ਹੋ ਗਈ ਹੈ। ਇਸ ਮੁਹਿੰਮ ਵਿੱਚ ਕੇਂਦਰੀ ਵਿਧਾਨ ਸਭਾ ਹਲਕੇ ਦੇ ਵਿਧਾਇਕ ਡਾ.ਅਜੇ ਗੁਪਤਾ ਨੇ ਨਿਗਮ ਦੇ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਅਤੇ ਨਿਗਮ ਅਧਿਕਾਰੀਆਂ ਨਾਲ ਮਿਲ ਕੇ ਘਿਓ ਮੰਡੀ ਚੌਕ ਤੋਂ ਸ਼ਿਵਾਲਾ ਵੀਰਭਾਨ ਤੱਕ ਸੜਕ 'ਤੇ ਸਫਾਈ, ਗੈਰ-ਕਾਨੂੰਨੀ ਕਬਜ਼ੇ ਹਟਾਉਣ, ਸਿਵਲ ਵਰਕ ਅਤੇ ਗੈਰ-ਕਾਨੂੰਨੀ ਇਸ਼ਤਿਹਾਰੀ ਬੋਰਡ ਹਟਾਉਣ ਵਰਗੇ ਕੰਮ ਕੀਤੇ। ਇਸ ਮੌਕੇ ਵਿਧਾਇਕ ਡਾ.ਅਜੇ ਗੁਪਤਾ ਨੇ ਕਿਹਾ ਕਿ ਗੁਰੂ ਨਗਰੀ ਅੰਮ੍ਰਿਤਸਰ ਦੇ ਸੁੰਦਰੀਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ



ਕਿਹਾ ਕਿ ਪੰਜਾਬ ਸਰਕਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਵਸ ਸ਼ਾਨਦਾਰ ਢੰਗ ਨਾਲ ਮਨਾ ਰਹੀ ਹੈ। ਉਨ੍ਹਾਂ ਕਿਹਾ ਕਿ ਦੇਸ਼-ਵਿਦੇਸ਼ ਤੋਂ ਕਰੋੜਾਂ ਸ਼ਰਧਾਲੂ ਗੁਰੂ ਨਗਰੀ ਅੰਮ੍ਰਿਤਸਰ ਆਉਣਗੇ। ਉਨ੍ਹਾਂ ਕਿਹਾ ਕਿ ਇਸ ਇਤਿਹਾਸਕ ਦਿਨ ਨੂੰ ਸ਼ਰਧਾ ਨਾਲ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਲਈ ਸਾਰੇ ਢੁਕਵੇਂ ਕਦਮ ਚੁੱਕੇ ਜਾ ਰਹੇ ਹਨ। ਵਿਧਾਇਕ ਡਾ. ਅਜੇ ਗੁਪਤਾ ਨੇ ਕਿਹਾ ਕਿ ਇਹ ਮੁਹਿੰਮ ਕੇਂਦਰੀ ਵਿਧਾਨ ਸਭਾ ਹਲਕੇ ਤੱਕ ਪਹੁੰਚ ਗਈ ਹੈ।

# 'ਯੁੱਧ ਨਸਿਆ ਵਿਰੁੱਧ' ਸਬੰਧੀ ਇੱਕ ਸੈਮੀਨਾਰ ਕੀਤਾ ਗਿਆ

ਜਲੰਧਰ (ਲੋਕ ਬਾਣੀ)-ਅੱਜ ਮਿਤੀ 07:08:2025 ਨੂੰ ਮਾਨਯੋਗ ਸਪੈਸਲ ਡਾਇਰੈਕਟਰ ਜਨਰਲ ਪੁਲਿਸ ਕਮਿਉਨਿਟੀ ਅਫੇਅਰ ਡਵੀਜਨ ਪੰਜਾਬ ਜੀ, ਅਤੇ ਮੈਡਮ ਧੰਨਪ੍ਰੀਤ ਕੌਰ ਆਾਈ.ਪੀ.ਐੱਸ. ਪੁਲਿਸ ਕਮਿਸਨਰ ਜਲੰਧਰ ਜੀ, ਅਤੇ ਸ੍ਰੀ ਸੁਖਵਿੰਦਰ ਸਿੰਘ ਵਧੀਕ ਡਿਪਟੀ ਕਮਿਸਨਰ ਪੁਲਿਸ ਸਥਾਨਕ ਕਮ ਜਿਲਾ ਕਮਿਉਨਿਟੀ ਪੁਲਿਸ ਅਫਸਰ ਕਮਿਸ਼ਨਰੇਟ ਜਲੰਧਰ ਜੀ ਦੀਆਂ ਹਦਾਇਤਾਂ ਅਨੁਸਾਰ ਸਬ:ਇੰਸ: ਰਘਬੀਰ ਸਿੰਘ ਸੁਪਰਵਾਈਜਰ ਅਫਸਰ ਸਬ ਡਵੀਜਨ ਸਾਂਝ ਕੇਂਦਰ ਵੈਸਟ/ਮਾਡਲ ਟਾਉਨ ਜਲੰਧਰ ਸਮੇਤ Asi ਸੁਖਵਿੰਦਰ ਸਿੰਘ ਸਾਂਝ ਕੇਂਦਰ ਵੈਸਟ ਅਤੇ ਸਮੇਤ ਮਹਿਲਾ ਮਿੱਤਰ ਟੀਮ ਥਾਣਾ ਡਵੀਜਨ ਨੰ. 5 ਜਲੰਧਰ ਵੱਲੋ DSSD ਸਕੂਲ ਬਸਤੀ ਨੌ ਜਲੰਧਰ ਵਿਖੇ ਸਕੂਲ ਦੇ ਸਟਾਫ ਦੇ ਸਹਿਯੋਗ ਨਾਲ 'ਯੁੱਧ ਨਸਿਆ ਵਿਰੁੱਧ' ਸਬੰਧੀ ਇੱਕ ਸੈਮੀਨਾਰ ਕੀਤਾ ਗਿਆ ਜਿਸ ਵਿੱਚ ਹਾਜਰੀਨ ਨੂੰ ਆਮ ਅਵੇਅਰਨੈਸ ਦੇ ਨਾਲ-ਨਾਲ ਟਰੈਫਿਕ ਨਿਯਮਾ, ਸਾਈਬਰ ਕਰਾਈਮ ਅਤੇ ਨਸਿਆ ਦੇ ਮਾੜੇ ਪ੍ਰਭਾਵਾ ਅਤੇ ਨਸਿਆ ਦੀ ਰੋਕਥਾਮ ਸਬੰਧੀ ਵਿਸਥਾਰ ਨਾਲ ਜਾਣੂ ਕਰਾਇਆ ਗਿਆ, ਅਤੇ ਵੱਖ-ਵੱਖ ਹੈਲਪ ਲਾਈਨ ਨੰਬਰਾ ਬਾਰੇ ਵੀ ਜਾਣੂ ਕਰਾਇਆ ਗਿਆ।



# ਨਿਸਾਨ ਨੇ ਲਾਂਚ ਕੀਤਾ ਨਵਾਂ ਮੈਗਨਾਈਟ ਕੂਰੋ ਖਾਸ ਐਡੀਸ਼ਨ 'ਦ ਬੋਲਡੇਸਟ ਬਲੈਕ', ਸ਼ੁਰੂਆਤੀ ਕੀਮਤ 8.30 ਲੱਖ ਰੁਪਏ

ਚੰਡੀਗੜ੍ਹ (ਲੋਕ ਬਾਣੀ) ਨਿਸਾਨ ਮੋਟਰ ਇੰਡੀਆ ਪ੍ਰਾਈਵੇਟ ਲਿਮਿਟਡ ਨੇ ਅੱਜ ਆਪਣੇ ਨਿਸਾਨ ਮੈਗਨਾਈਟ ਕੂਰੋ ਖਾਸ ਐਡੀਸ਼ਨ ਦੀ ਲਾਂਚਿੰਗ ਦਾ ਐਲਾਨ ਕੀਤਾ। ਇਹ ਕੰਪਨੀ ਦੀ ਪਸੰਦੀਦਾ ਕੰਪੈਕਟ ਐਸਯੂਵੀ ਦਾ ਸਟ ?ਰਾਈਕਿੰਗ ਅਤੇ ਪ੍ਰੀਮੀਅਮ, ਬਲੈਕ ਥੀਮ 'ਤੇ ਆਧਾਰਤ ਵੈਰੀਐਂਟ ਹੈ। 8.30 ਲੱਖ ਰੁਪਏ (ਐਕਸ-ਸ਼ੋਰੂਮ, ਦਿੱਲੀ) ਦੀ ਸ਼ੁਰੂਆਤ ਕੀਮਤ ਦੇ ਨਾਲ ਕੂਰੋ ਖਾਸ ਐਡੀਸ਼ਨ ਵਿੱਚ ਦ ਬੋਲਡੇਸਟ ਬਲੈਕ ਫਿਲਾਸੋਫੀ ਨੂੰ ਗਲੇ ਲਗਾਉਂਦੇ ਹੋਏ ਬੋਲਡੇਸਟ ਸਟਾਈਲਿੰਗ, ਬਿਹਤਰ ਇੰਟ??ਅਰ ਬਲੈਕ ਥੀਮ ਅਤੇ ਜਾਪਾਨ ਤੋਂ ਪ੍ਰੇਰਿਤ ਡਿਜ਼ਾਇਨ ਦਾ ਪ੍ਰਯੋਗ ਕੀਤਾ ਗਿਆ ਹੈ। ਨਵੀਂ ਨਿਸਾਨ ਮੈਗਨਾਈਟ ਕੂਰੋ ਖਾਸ ਸੰਸਕਰਣ 11,000 ਰੁਪਏ ਦੀ ਆਕਰਸ਼ਕ ਕੀਮਤ 'ਤੇ ਬੁਕਿੰਗ ਲਈ ਉਪਲਬਧ ਹੈ। ਗ੍ਰਾਹਕ ਨਿਸਾਨ ਮੋਟਰ ਇੰਡੀਆ ਦੇ ਕਿਸੇ ਪ੍ਰਮਾਣਿਤ ਡੀਲਰਸ਼ਿਪ ਜਾਂ ਨਿਸਾਨ ਮੋਟਰ ਇੰਡੀਆ ਦੀ ਆਧਿਕਾਰਿਕ ਵੈੱਬਸਾਈਟ www.nissan.in ਦੇ ਮਾਧਿਅਮ ਨਾਲ ਇਸ ਦੀ ਬੁਕਿੰਗ ਕਰ ਸਕਦੇ ਹਨ ਮੈਗਨਾਈਟ ਕੂਰੋ ਖਾਸ ਸੰਸਕਰਣ - ਸਭ ਤੋਂ ਬੋਲਡ ਕਾਲਾ: ਬੋਲਡ ਡਿਜ਼ਾਇਨ ਤੱਤ ਅਤੇ ਸਟਾਈਲ ਨਾਲ ਭਰਪੂਰ ਕੂਰੋ ਬ੍ਰਾਂਡਿੰਗ ਨਾਲ ਪੂਰੀ ਤਰ੍ਹਾਂ ਕਾਲਾ ਸਥਿਤੀ ਹੈ। ਨਵੀਂ ਨਿਸਾਨ ਮੈਗਨਾਈਟ ਕੂਰੋ ਖਾਸ ਸੰਸਕਰਣ ਵਿੱਚ ਮਿਆਰੀ ਰੂਪ ਵਿੱਚ ਲਾਈਟ ਸੇਬਰ ਟਰਨ ਇੰਡਿਕੇਟਰਾਂ ਦੇ ਨਾਲ ਸਿਗਨੇਚਰ ਕਾਲੇ ਐਲਈਡੀ ਹੈੱਡਲੈਂਪ, ਵਾਕ ਅਵੇ ਲੌਕ ਅਤੇ ਐਪਰੋਚ ਅਨਲੌਕ ਦੇ ਨਾਲ ਪਯਮ ਆਈ-ਕੀ, ਅਡਵਾਂਸਡ ਡਰਾਈਵਰ ਐਸਿਸਟ ਡਿਸਪਲੇਅ, ਸੇਬਲ ਬਲੈਕ ਵਾਇਰਲੈੱਸ ਚਾਰਜਰ ਅਤੇ ਹੋਰ ਬਹੁਤ ਸਾਰੇ ਫੀਚਰ ਮਿਲਣਗੇ।



# ਪੰਜਾਬ ਭਰ ਤੋਂ ਸ਼ਾਮਲ ਹੋਇਆ ਕਸ਼ਯਪ ਰਾਜਪੂਤ ਮਹਿਰਾ ਸਮਾਜ ਦਾ ਭਾਰੀ ਇਕੱਠ

ਲੁਧਿਆਣਾ, (ਲੋਕ ਬਾਣੀ) ਆਲ ਇੰਡੀਆ ਮਹਿਰਾ, ਕਸ਼ਯਪ, ਕਹਾਰ, ਕੇਵਟ, ਨਿਸ਼ਾਦ, ਝੀਵਰ ਅਤੇ ਸਾਹਨੀ, ਮਾਲਾਹ ਵੈਲਫੇਅਰ ਸੋਸਾਇਟੀ ਵੱਲੋਂ ਮੀਟਿੰਗ ਦਾ ਆਯੋਜਨ ਸਾਬਕਾ ਕੌਂਸਲਰ ਰਾਜ ਕੁਮਾਰ ਮਹਿਰਾ ਦੇ ਨਿਵਾਸ ਸਥਾਨ ਵਿਖੇ ਕੀਤਾ ਗਿਆ

ਇਸ ਮੌਕੇ ਬਿੱਕਰ ਸਿੰਘ ਮਹਿਰਾ ਰਾਸ਼ਟਰੀ ਸਕੱਤਰ ਏ.ਆਈ.ਸੀ.ਸੀ. ਫਿਸ਼ਰਮੈਨ ਕਾਂਗਰਸ ਕਮੇਟੀ ਅਤੇ ਵਾਈਸ ਚੇਅਰਮੈਨ ਓ.ਬੀ.ਸੀ. ਸੈੱਲ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਅਤੇ ਜਨਰਲ ਸਕੱਤਰ ਘੱਟ ਗਿਣਤੀ ਸੈੱਲ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਅਤੇ ਧਰਮਵੀਰ ਸਿੰਘ ਮਹਿਰਾ ਰਿਟਾਇਰਡ ਐਸ ਪੀ ਅਤੇ ਜਨਰਲ ਸਕੱਤਰ ਪੰਜਾਬ ਪਰਦੇਸ਼ ਕਾਂਗਰਸ ਕਮੇਟੀ ਘੱਟ ਗਿਣਤੀ ਸੈੱਲ ਪੰਜਾਬ ਹੋਰ ਵੀ ਕਈ ਪਤਵੰਤੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਬਿੱਕਰ ਸਿੰਘ ਮਹਿਰਾ ਨੇ ਸਾਂਝੇ ਤੌਰ 'ਤੇ ਕਿਹਾ ਕਿ ਕਾਂਗਰਸ ਪਾਰਟੀ ਓਬੀਸੀ ਭਾਈਚਾਰੇ ਨਾਲ਼ ਹਮੇਸ਼ਾਂ ਤੋਂ ਹੀ ਹਿਤੈਸ਼ੀ ਰਹੀ ਹੈ। ਉਨ੍ਹਾਂ ਕਿਹਾ ਕਿ ਓਬੀਸੀ ਭਾਈਚਾਰੇ ਨੂੰ ਪੰਜਾਬ ਵਿੱਚ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਨਹੀਂ ਆਣ ਦਿਤੀ ਜਾਏਗੀ ਜੇਕਰ ਕੋਈ ਵੀ ਪ੍ਰੇਸ਼ਾਨੀ



ਆਉਂਦੀ ਹੈ ਤਾਂ ਸਾਡੀ ਟੀਮ ਨਾਲ਼ ਸੰਪਰਕ ਕਰ ਸਕਦੇ ਹਨ। ਇਸ ਦੇ ਨਾਲ ਸਾਡੀ ਆਲ ਇੰਡੀਆ ਸੁਸਾਇਟੀ ਵੱਲੋਂ ਬਣਦਾ ਮਾਨ ਸਨਮਾਨ ਵੀ ਦਿੱਤਾ ਜਾਏਗਾ ਅਤੇ ਸਾਬਕਾ ਕੌਂਸਲਰ ਰਾਜ ਮਹਿਰਾ ਨੇ ਸਕੱਤਰ ਬਿੱਕਰ ਸਿੰਘ ਮਹਿਰਾ ਨਾਲ ਹੋਰ ਵੀ ਕਈ ਅਹਿਮ ਮੁਧਿਆ ਤੇ ਚਰਚਾ ਕੀਤੀ ਉਨ੍ਹਾਂ ਕਿਹਾ ਕਿ ਪੰਜਾਬ ਭਰ ਦੇ ਵਿੱਚ ਕਸ਼ਯਪ ਰਾਜਪੂਤ ਮਹਿਰਾ ਸਮਾਜ ਦੇ ਲੋਕ ਵੱਡੀ ਗਿਣਤੀ ਵਿੱਚ ਸੰਗਠਨ ਦੇ ਵਿੱਚ ਸ਼ਾਮਿਲ ਹੋਣ ਲਈ ਲਗਾਤਾਰ ਸੰਪਰਕ ਕਰ ਰਹੇ ਹਨ। ਇਸ ਮੌਕੇ ਮਾਸਟਰ ਰਾਜ ਰਾਜ ਕੁਮਾਰ ਮਹਿਰਾ ,ਬਲਵੀਰ ਸਿੰਘ ਮਹਿਰਾ ,ਗੁਰਜੀਤ ਸਿੰਘ ਮਹਿਰਾ, ਰੋਬਿਨ ਮਹਿਰਾ, ਪੱਤਰਕਾਰ ਸੁਖਚੈਨ ਸਿੰਘ ਮਹਿਰਾ, ਪੱਤਰਕਾਰ ਰਾਮ ਰਾਜਪੂਤ, ਮਨਜੀਤ ਸਿੰਘ, ਸੋਨੂ ਮਹਿਰਾ, ਕੁਲਵਿੰਦਰ ਕੌਰ ਪੰਚ, ਨਛੱਤਰ ਕੌਰ ਰੋਪੜ, ਲਵਪ੍ਰੀਤ ਕੌਰ, ਕੁਲਵਿੰਦਰ ਕੌਰ, ਸੀਮਾ ਰਾਣੀ, ਅਮਨਪ੍ਰੀਤ ਸਿੰਘ, ਪਰਮਜੀਤ ਸਿੰਘ, ਜਸਕਰਨ ਸਿੰਘ, ਕਮਲਪ੍ਰੀਤ ਸਿੰਘ, ਕੁਲਵਿੰਦਰ ਕੌਰ ਮਹਿਰਾ ਨਵਾਂ ਸ਼ਹਿਰ, ਗੁਰਵਿੰਦਰ ਸਿੰਘ ਮਹਿਰਾ, ਰਣਜੀਤ ਸਿੰਘ ਮਹਿਰਾ, ਰਜੇਸ਼ ਕੁਮਾਰ ਮਹਿਰਾ, ਮਨਜੀਤ ਸਿੰਘ ਮਹਿਰਾ, ਪ੍ਰੀਤਮਾ ਮਹਿਰਾ ਜਲੰਧਰ, ਭੁਪਿੰਦਰ ਸਿੰਘ ਮਹਿਰਾ, ਅਮਰਜੀਤ ਸਿੰਘ ਮਹਿਰਾ, ਹਾਜ਼ਰ ਹੋਏ ਸਨ।

# ਕਾਨਪੁਰ ਦੇ ਮਸ਼ਹੂਰ ਵਕੀਲ ਅਖਿਲੇਸ਼ ਦੂਬੇ ਨੂੰ ਉਸਦੇ ਸਾਥੀ ਸਮੇਤ ਜੇਲ੍ਹ ਭੇਜਿਆ ਗਿਆ

## 50 ਲੱਖ ਦੀ ਫਿਰੌਤੀ ਦਾ ਦੋਸ਼

ਸੁਨੀਲ ਬਾਜਪਾਈ, ਕਾਨਪੁਰ। ਮਸ਼ਹੂਰ ਵਕੀਲ ਅਖਿਲੇਸ਼ ਦੂਬੇ, ਜਿਸਨੂੰ ਇੱਕ ਭਾਜਪਾ ਨੇਤਾ ਦੁਆਰਾ ਸ਼ਿਕਾਇਤ ਦਰਜ ਕਰਵਾਉਣ ਤੋਂ ਬਾਅਦ ਉਸਦੇ ਸਾਥੀ ਲਵੀ ਮਿਸ਼ਰਾ ਨਾਲ ਗ੍ਰਿਫਤਾਰ ਕੀਤਾ ਗਿਆ ਸੀ, ਨੂੰ ਅੱਜ ਵੀਰਵਾਰ ਨੂੰ ਜੇਲ੍ਹ ਭੇਜ ਦਿੱਤਾ ਗਿਆ। ਉਸ 'ਤੇ ਭਾਜਪਾ ਨੇਤਾ ਰਵੀ ਸਤੀਜਾ ਤੋਂ 50 ਲੱਖ ਦੀ ਫਿਰੌਤੀ ਮੰਗਣ ਦਾ ਦੋਸ਼ ਹੈ। ਇਹ ਵੀ ਦੋਸ਼ ਹੈ ਕਿ ਅਖਿਲੇਸ਼ ਦੂਬੇ ਦੇ ਇਸ਼ਾਰੇ 'ਤੇ ਰਵੀ ਸਤੀਜਾ ਵਿਰੁੱਧ ਧੋਖਾਧੜੀ ਦੇ ਝੂਠੇ ਮਾਮਲੇ ਦਰਜ ਕੀਤੇ ਗਏ ਸਨ, ਜਿਸ ਵਿੱਚ ਪੋਕਸੋ ਦਾ ਮਾਮਲਾ ਵੀ ਸ਼ਾਮਲ ਹੈ। ਪੁਲਿਸ ਅਨੁਸਾਰ ਸ਼ਿਕਾਇਤਕਰਤਾ ਔਰਤ ਬਿਹਾਰ ਦੀ ਰਹਿਣ ਵਾਲੀ ਹੈ ਅਤੇ ਉਸ ਨਾਲ ਕੋਈ ਘਟਨਾ ਨਹੀਂ ਵਾਪਰੀ। ਪੁਲਿਸ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ, ਭਾਜਪਾ ਨੇਤਾ ਰਵੀ ਸਤੀਜਾ ਨੂੰ ਇੱਕ ਮਾਮਲੇ ਵਿੱਚ ਫਸਾ ਕੇ ਫਿਰੌਤੀ ਦੇ ਮਾਮਲੇ ਵਿੱਚ ਐਡਵੋਕੇਟ ਅਖਿਲੇਸ਼ ਦੂਬੇ ਵਿਰੁੱਧ ਕੀਤੀ ਗਈ ਕਾਰਵਾਈ, ਜ਼ਮੀਨਾਂ 'ਤੇ ਜ਼ਬਰਦਸਤੀ ਕਬਜ਼ਾ ਕਰਨ ਅਤੇ ਹੋਰ ਗੰਭੀਰ ਮਾਮਲਿਆਂ ਦੀ ਵੀ ਗੁਪਤ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਵੱਲੋਂ ਹਲਚਲ ਮਚਾਉਣ ਵਾਲੀ ਇਹ ਕਾਰਵਾਈ ਆਪ੍ਰੇਸ਼ਨ ਮਹਾਕਾਲ ਦੇ



ਤਹਿਤ ਕੀਤੀ ਗਈ ਸੀ, ਜੋ ਭੂ-ਮਾਫੀਆ ਅਤੇ ਫਿਰੌਤੀਖੋਰ, ਦਾਗੀ ਪੱਤਰਕਾਰਾਂ ਅਤੇ ਵਕੀਲਾਂ ਵਿਰੁੱਧ ਮੁਹਿੰਮ ਤੋਂ ਬਾਅਦ ਸ਼ੁਰੂ ਹੋਈ ਸੀ।

# ਬਟਾਲਾ ਦੀ ਗੂੰਜ ਅਮਰੀਕਾ ਤੱਕ- ਵਿਧਾਇਕ ਸ਼ੈਰੀ ਕਲਸੀ ਨੇ ਵਿਸ਼ਵ ਪੱਧਰੀ ਕਾਨਫਰੰਸ ਵਿੱਚ ਅਹਿਮ ਮੁੱਦਿਆਂ 'ਤੇ ਕੀਤੀ ਚਰਚਾ

## ਆਪ ਪਾਰਟੀ ਦੀ ਬਦੌਲਤ ਦੁਨੀਆਂ ਦੇ ਵੱਡੇ ਮੰਚ 'ਤੇ ਜਾਣ ਦਾ ਮਿਲਿਆ ਮੌਕਾ

ਬਟਾਲਾ, ( ਜਸਵਿੰਦਰ ਸਿੰਘ ) ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਜੋ ਵਿਸ਼ਵ ਪੱਧਰੀ ਕਾਨਫਰੰਸ ਐਨ.ਸੀ.ਐਸ.ਐੱਲ (National Conference of State LegislaturesÓ-Summit) ਸਮਿਟ-2025 ਵਿੱਚ ਹਿੱਸਾ ਲੈਣ ਲਈ ਅਮਰੀਕਾ ਗਏ ਹਨ, ਉਨ੍ਹਾਂ ਨੂੰ ਇਸ ਵੱਡੇ ਪਲੇਟਫਾਰਮ ਵਿੱਚ ਹਿੱਸਾ ਲੈਣ ਲਈ ਨੈਸ਼ਨਲ ਲੈਜਿਸਲੈਚਰਜ਼ ਕਾਨਫਰੰਸ ਭਾਰਤ ਵਲੋਂ ਪ੍ਰਸੰਸਾ ਪੱਤਰ ਨਾਲ ਸਨਮਾਨਿਤ ਕੀਤਾ ਗਿਆ ਹੈ ਅਮਰੀਕਾ ਤੋਂ ਫੋਨ ਰਾਹੀਂ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਸ੍ਰੀ ਅਰਵਿੰਦ ਕੇਜਰੀਵਾਲ, ਸੁਪਰੀਮੋ ਆਮ ਆਦਮੀ ਪਾਰਟੀ ਅਤੇ ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਬਦੌਲਤ ਉਨਾਂ ਨੂੰ ਦੁਨੀਆਂ ਦੇ ਇਸ ਵੱਡੇ ਪਲੇਟਫਾਰਮ 'ਤੇ ਜਾਣ ਦਾ ਮੌਕਾ ਮਿਲਿਆ ਹੈ, ਜੋ ਉਨਾਂ ਲਈ ਬਹੁਤ ਮਾਣ ਵਾਲੀ ਗੱਲ ਹੈ ਵਿਧਾਇਕ ਸ਼ੈਰੀ ਕਲਸੀ ਨੇ ਤਿੰਨ ਦਿਨਾਂ ਐਨ.ਸੀ.ਐਸ.ਐੱਲ ਸਮਿਟ-2025 ਸਬੰਧੀ ਗੱਲ ਕਰਦਿਆਂ ਦੱਸਿਆ ਕਿ ਇਸ ਵਿੱਚ ਵੱਖ-ਵੱਖ ਦੇਸ਼ਾਂ ਵਿਚੋਂ ਵਿਧਾਇਕਾਂ ਨੇ ਸ਼ਮੂਲੀਅਤ ਕੀਤੀ। ਕਾਨਫਰੰਸ ਦੌਰਾਨ ਲੋਕਤੰਤਰਿਕ ਵੈਲਿਊ, ਕਦਰਾਂ ਕੀਮਤਾਂ, ਵਿਧਾਨਿਕ ਕਾਰੁਜ਼ਗਾਰੀ ਅਤੇ ਅੰਤਰਰਾਸ਼ਟਰੀ ਸਹਿਯੋਗ ਸਮੇਤ ਵੱਖ-ਵੱਖ ਪਹਿਲੂਆਂ 'ਤੇ ਵਿਚਾਰ ਵਟਾਂਦਰਾ ਹੋਇਆ ਹੈ। ਦੁਨੀਆਂ ਭਰ ਵਿਚੋਂ ਆਏ ਵਿਧਾਇਕਾਂ ਨਾਲ ਆਪਸੀ ਵਿਚਾਰਾਂ ਦਾ ਆਦਾਨ ਪ੍ਰਦਾਨ ਅਤੇ ਚੰਗੇ ਸ਼ਾਸਨ ਸਮੇਤ ਵੱਖ-ਵੱਖ ਵਿਸ਼ਿਆਂ 'ਤੇ ਸ਼ਾਨਦਾਰ ਉਸਾਰੂ ਚਰਚਾ ਹੋਈ, ਜਿਸ ਨਾਲ ਉਨਾਂ ਨੂੰ ਬਹੁਤ ਕੁਝ ਨਵਾਂ ਸਿੱਖਣ ਲਈ ਮਿਲਿਆ ਹੈ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦੇ ਹਨ ਕਿ ਵਿਸ਼ਵ ਭਰ ਦੇ ਵਿਧਾਇਕਾਂ ਦੇ ਹੋਏ ਇਸ ਸਮਿਟ-2025 ਵਿੱਚ ਉਨਾਂ ਦੀ ਚੋਣ ਹੋਈ।



# ਕਿਸਾਨਾਂ ਲਈ ਆਈ ਯੂਰੀਆ ਖਾਦ ਦੀ ਉਦਯੋਗਿਕ ਵਰਤੋਂ ਨੂੰ ਸਹਿਣ ਨਹੀਂ ਕੀਤਾ ਜਾਵੇਗਾ - ਏ.ਡੀ.ਸੀ. ਡਾ. ਬੇਦੀ

## ਕਿਸਾਨ ਖਾਦ ਦੀ ਕਾਲਾਬਾਜ਼ਾਰੀ ਸਬੰਧੀ ਸ਼ਿਕਾਇਤ ਲਈ ਹੈਲਪ ਲਾਈਨ ਨੰਬਰ 1800-180-1852 ਉੱਪਰ ਕਰ ਸਕਦੇ ਹਨ ਸੰਪਰਕ

ਗੁਰਦਾਸਪੁਰ, ( ਜਸਵਿੰਦਰ ਸਿੰਘ ) – ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ ਨੇ ਜ਼ਿਲ੍ਹੇ ਦੇ ਸਮੂਹ ਖਾਦ ਵਿਕਰੇਤਾ ਡੀਲਰਾਂ ਨੂੰ ਹਦਾਇਤ ਕੀਤੀ ਕਿ ਉਹ ਯੂਰੀਆ ਖਾਦ ਦੀ ਵਿੱਕਰੀ ਸਿਰਫ਼ ਕਿਸਾਨਾਂ ਨੂੰ ਖੇਤੀ ਲਈ ਹੀ ਕਰਨ ਇਸ ਤੋਂ ਇਲਾਵਾ ਯੂਰੀਆ ਖਾਦ ਦੀ ਉਦਯੋਗਿਕ ਵਰਤੋਂ ਲਈ ਵਿੱਕਰੀ ਬਿਲਕੁਲ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਜ਼ਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿੱਚ ਆਇਆ ਸੀ ਕਿ ਦੀਨਾਨਗਰ ਵਿੱਚ ਇੱਕ ਫ਼ਰਮ, ਮੈਸਰਜ਼ ਵੀ.ਆਰ.ਵੀ. ਹੌਸਪਿਟੈਲਿਟੀ ਪ੍ਰਾਈਵੇਟ ਲਿਮਟਿਡ, ਪਿੰਡ ਚੱਕ ਆਲੀਆ ਵੱਲੋਂ ਐਗਰੀਕਲਚਰ ਗ੍ਰੇਡ ਨਿੰਮ ਕੋਟੇਡ ਯੂਰੀਆ ਦੀ ਉਦਯੋਗਿਕ ਵਰਤੋਂ ਕੀਤੀ ਜਾ ਰਹੀ ਹੈ ਅਤੇ ਇਸ ਦਾ ਪਤਾ ਲੱਗਣ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਫ਼ਰਮ ਦੇ ਖ਼?ਲਾਫ਼ ਤੁਰੰਤ ਕਾਨੂੰਨੀ ਕਾਰਵਾਈ ਕੀਤੀ ਗਈ ਹੈ। ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਯੂਰੀਆ ਖਾਦ ਦੀ ਉਦਯੋਗਿਕ ਵਰਤੋਂ ਨੂੰ ਬਿਲਕੁਲ ਸਹਿਣ ਨਹੀਂ ਕੀਤਾ ਜਾਵੇਗਾ। ਉਨ੍ਹਾਂ ਜ਼ਿਲ੍ਹੇ ਦੇ ਸਮੂਹ ਖਾਦ ਵਿਕ੍ਰੇਤਾਵਾਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਲਾਇਸੰਸ ਅਤੇ ਹੋਰ ਜ਼ਰੂਰੀ ਦਸਤਾਵੇਜ਼ ਪੂਰੇ ਕਰਕੇ ਰੱਖਣ ਅਤੇ ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਨਾ ਵਰਤੀ ਜਾਵੇ ਅਤੇ ਸਟਾਕ ਬੋਰਡ ਉੱਪਰ ਰੋਜ਼ਾਨਾ ਖਾਦ ਦਾ ਸਟਾਕ ਅਤੇ ਰੇਟ ਲਿਖਿਆ ਜਾਵੇ। ਉਨ੍ਹਾਂ ਕਿਹਾ ਕਿ ਡੀਲਰਾਂ ਵੱਲੋਂ ਕਿਸਾਨਾਂ ਨੂੰ ਜੋ ਵੀ ਖੇਤੀ ਸਮਗਰੀ ਦੀ ਵਿੱਕਰੀ ਕੀਤੀ ਜਾਂਦੀ ਹੈ, ਉਸ ਦਾ ਪੱਕਾ ਬਿੱਲ ਕੱਟ ਕੇ ਦਿੱਤਾ ਜਾਵੇ ਅਤੇ ਕੇਵਲ ਲੋੜੀਂਦੀ ਸਮਗਰੀ ਦੀ ਵਿੱਕਰੀ ਹੀ ਕਿਸਾਨਾਂ ਨੂੰ ਕੀਤੀ ਜਾਵੇ ਅਤੇ ਕੋਈ ਹੋਰ ਬੇਲੋੜੀਆਂ ਵਸਤਾਂ ਕਿਸਾਨਾਂ ਨੂੰ ਨਾ ਦਿੱਤੀਆਂ ਜਾਣ। ਉਨ੍ਹਾਂ ਕਿਹਾ ਕਿ ਚੈਕਿੰਗ ਦੌਰਾਨ ਜੇਕਰ ਕੋਈ ਦੁਕਾਨਦਾਰ ਬਗੈਰ ਬਿੱਲ ਤੋਂ ਖਾਦ, ਦਵਾਈ ਜਾਂ ਬੀਜ ਵੇਚਦਾ ਪਾਇਆ ਗਿਆ ਤਾਂ ਉਸ ਵਿਰੁੱਧ ਖਾਦ ਕੰਟਰੋਲ ਆਰਡਰ 1985 ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ ਕਿ ਉਹ ਇੰਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨ੍ਹਾਂ ਤੱਥਾਂ ਦੀ ਪੜਤਾਲ , ਪੁਸ਼ਟੀ ਕਰ ਲੈਣ।ਰੋਜ਼ਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾਂ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ । ਖਬਰਾਂ ਪ੍ਰਤੀ ਜ਼ਿੰਮੇਵਾਰੀ ਪੱਤਰਕਾਰ ਦੀ ਹੋਵੇਗੀ।

*Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of, Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com*

# ਆਸੂ ਰੰਧਾਵਾ ਨੇ ਆਪ ਪਾਰਟੀ ਜ਼ਿਲ੍ਹਾ ਗੁਰਦਾਸਪੁਰ ਦੇ ਜੋਬਨ ਰੰਧਾਵਾ ਚੇਅਰਮੈਨ ਪਲਾਇੰਗ ਬੋਰਡ ਬਨਣ ਤੇ ਵਧਾਈ ਦਿੱਤੀ

**ਮੁੱਖ ਮੰਤਰੀ ਪੰਜਾਬ ਸ: ਭਗਵੰਤ ਮਾਨ ਜੀ ਜ਼ਿਲ੍ਹਾ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕੀਤਾ - ਆਸੂ ਰੰਧਾਵਾ**

ਗੁਰਦਾਸਪੁਰ: ( ਜਸਵਿੰਦਰ ਸਿੰਘ ) ਆਮ ਆਦਮੀ ਪਾਰਟੀ ਨੇ ਗੁਰਦਾਸਪੁਰ ਦੇ ਜੋਬਨ ਰੰਧਾਵਾ ਨੂੰ ਆਮ ਆਦਮੀ ਪਾਰਟੀ ਜ਼ਿਲ੍ਹਾ ਗੁਰਦਾਸਪੁਰ ਦਾ ਚੇਅਰਮੈਨ ਪਲਾਨਿੰਗ ਬੋਰਡ ਨਿਯੁਕਤ ਕੀਤਾ ਗਿਆ ਇਸ ਮੌਕੇ ਤੇ ਆਸੂ ਰੰਧਾਵਾ ਸੋਸਲ ਮੀਡੀਆ ਸਕੈਟਰੀ ਗੁਰਦਾਸਪੁਰ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਮੈਂ ਸਮੁੱਚੀ ਪਾਰਟੀ ਹਾਈ ਕਮਾਨ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਜੀ ,ਪੰਜਾਬ ਪ੍ਰਭਾਰੀ ਸ੍ਰੀ ਮੁਨੀਸ਼ ਸਿਸੋਦੀਆ ਜੀ, ਮੁੱਖ ਮੰਤਰੀ ਪੰਜਾਬ ਸ: ਭਗਵੰਤ ਮਾਨ ਜੀ, ਪਾਰਟੀ ਪ੍ਰਧਾਨ ਅਮਨ ਅਰੋੜਾ ਜੀ, ਵਰਕਿੰਗ ਪ੍ਰਧਾਨ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਜੀ, ਚੇਅਰਮੈਨ ਰਾਜੀਵ ਸ਼ਰਮਾ, ਮੁਖਦੇਵ ਸਿੰਘ ਆਲੋਵਾਲ ਸਮੁੱਚੀ ਜ਼ਿਲ੍ਹਾ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਤੇ ਆਸੂ ਰੰਧਾਵਾ ਨੇ ਕਿਹਾ ਕਿ ਉਹ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ ਆਮ ਆਦਮੀ ਪਾਰਟੀ ਵਿੱਚ ਮਿਹਨਤ ਕਰਨ ਵਾਲੇ ਹਰ ਵਰਕਰ



ਅਤੇ ਆਗੂ ਨੂੰ ਬਰਾਬਰ ਦਾ ਮਾਣ ਸਨਮਾਨ ਮਿਲਦਾ ਹੈ ਆਸੂ ਰੰਧਾਵਾ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੰਜਾਬ ਦੇ ਨੌਜਵਾਨਾਂ ਦੀ ਅਥਾਹ ਊਰਜਾ ਨੂੰ ਸਕਾਰਾਤਮਕ ਪਾਸੇ ਲਾਉਣ ਲਈ ਖੇਡਾਂ ਨੂੰ ਉਤਸ਼ਾਹਿਤ ਕਰਨ ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਅਤੇ ਵਿਸ਼ਵ ਪੱਧਰੀ ਖੇਡ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ

# 'ਯੁੱਧ ਨਸ਼ਿਆਂ ਵਿਰੁੱਧ' : ਕਮਿਸ਼ਨਰੇਟ ਪੁਲਿਸ ਨੇ ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਚਲਾਈ ਵਿਸ਼ੇਸ਼ ਮੁਹਿੰਮ, 16 ਗ੍ਰਿਫ਼ਤਾਰ

## 46 ਗ੍ਰਾਮ ਹੈਰੋਇਨ ਸਮੇਤ 61 ਨਸ਼ੀਲੀਆਂ ਗੋਲੀਆਂ ਬਰਾਮਦ, ਕਾਰ ਤੇ ਮੋਟਰਸਾਈਕਲ ਵੀ ਜ਼ਬਤ

ਜਲੰਧਰ (ਲੋਕ ਬਾਣੀ)- ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ਼ ਵਿੱਢੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਕਮਿਸ਼ਨਰੇਟ ਪੁਲਿਸ ਜਲੰਧਰ ਵੱਲੋਂ ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਵਿਸ਼ੇਸ਼ ਮੁਹਿੰਮ ਚਲਾਈ ਗਈ, ਜਿਸ ਦੌਰਾਨ 16 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਨਸ਼ੀਲੇ ਪਦਾਰਥਾਂ, ਗੈਰ ਕਾਨੂੰਨੀ ਸ਼ਰਾਬ ਅਤੇ ਵਾਹਨਾਂ ਦੀ ਬਰਾਮਦਗੀ ਕੀਤੀ ਗਈ। ਪੁਲਿਸ ਕਮਿਸ਼ਨਰ ਜਲੰਧਰ ਧਨਪ੍ਰੀਤ ਕੌਰ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਮਿਸ਼ਨਰੇਟ ਜਲੰਧਰ ਦੇ ਅਧਿਕਾਰ ਖੇਤਰ ਅੰਦਰ ਆਉਣ ਵਾਲੇ ਵੱਖ-ਵੱਖ ਥਾਣਿਆਂ ਵੱਲੋਂ ਇਹ ਕਾਰਵਾਈਆਂ ਕੀਤੀਆਂ ਗਈਆਂ, ਜਿਸ ਦੇ ਨਤੀਜੇ ਵਜੋਂ ਨਸ਼ੇ ਸਬੰਧੀ ਗਤੀਵਿਧੀਆਂ ਵਿੱਚ ਸ਼ਾਮਲ 15 ਵਿਅਕਤੀਆਂ ਦੀ ਗ੍ਰਿਫਤਾਰੀ ਹੋਈ, ਜਿਨ੍ਹਾਂ ਵਿਚ 4 ਡਰੱਗ ਸਪਲਾਇਰ/ਪੈਡਲਰ ਸ਼ਾਮਲ ਹਨ। ਇਸ ਦੌਰਾਨ ਐਨ ਡੀ ਪੀ ਐਸ ਐਕਟ ਹੇਠ 8 ਮੁਕੱਦਮੇ ਦਰਜ ਕੀਤੇ ਗਏ ਅਤੇ 46 ਗ੍ਰਾਮ ਹੈਰੋਇਨ ਸਮੇਤ 61 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ। ਉਨ੍ਹਾਂ ਨੇ ਅੱਗੇ ਦੱਸਿਆ ਕਿ ਪੁਲਿਸ ਵੱਲੋਂ ਇੱਕ ਕਾਰ ਅਤੇ ਇੱਕ ਮੋਟਰਸਾਈਕਲ ਵੀ ਜ਼ਬਤ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਪੁਲਿਸ ਵੱਲੋਂ 36000 ਮਿ ਲੀ ਗੈਰ-ਕਾਨੂੰਨੀ ਸ਼ਰਾਬ ਵੀ ਜ਼ਬਤ ਕੀਤੀ ਗਈ ਹੈ ਅਤੇ ਐਕਸਾਈਜ਼ ਐਕਟ ਅਧੀਨ ਮੁਕੱਦਮਾ ਦਰਜ ਕਰਕੇ ਇਸ ਵਿੱਚ ਸ਼ਾਮਲ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਤੋਂ ਇਲਾਵਾ 6 ਨਸ਼ੇ ਦੇ ਆਦੀ ਵਿਅਕਤੀਆਂ ਨੂੰ ਮੁੜ ਵਸੇਬੇ ਲਈ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖਲ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਜਲੰਧਰ ਪੁਲਿਸ ਨਸ਼ਾ ਤਸਕਰਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਕਾਬੂ ਕਰਨ ਲਈ ਸ਼ਹਿਰ ਪੱਧਰ 'ਚੇ ਸਰਗਰਮੀ ਨਾਲ ਮੁਹਿੰਮ ਚਲਾ ਰਹੀ ਹੈ, ਜਿਸ ਦਾ ਇਕੋ-ਇਕ ਉਦੇਸ਼ ਜਲੰਧਰ ਨੂੰ ਨਸ਼ਾ ਮੁਕਤ ਸ਼ਹਿਰ ਬਣਾਉਣਾ ਹੈ।

# ਹਾਈ ਕੋਰਟ ਨੇ ਰਣਜੀਤ ਸਿੰਘ ਗਿਲ ਦੀ ਗੱਲ ਰਣ ਲਈ ਨਾਮਨ, ਪੰਜਾਬ ਸਰਕਾਰ ਨੂੰ ਨੋਟਿਸ ਜਾਰੀ, ਸੁਣਵਾਈ 12 ਅਗਸਤ ਕੋ- ਐਨ ਕੇ ਵਰਮਾ

ਜੇ ਕੇ ਬੱਤਾ ਖਰੜ, ਪੰਜਾਬ ਅਤੇ ਹਰਣਾ ਉੱਚ ਅਦਾਲਤ ਵਿੱਚ ਅੱਜ ਰਣਜੀਤ ਸਿੰਘ ਗਿਲ ਦੁਆਰਾ ਪੇਸ਼ ਅਦਾਲਤ ਉੱਤੇ ਸੁਣਾਈ ਗਈ। ਅਦਾਲਤ ਨੇ ਇਸ ਮਾਮਲੇ 'ਚ ਪੰਜਾਬ 'ਚ ਸਨਾਮਨ ਲਿਖ ਕੇ ਸਰਕਾਰ ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਹੈ ਅਤੇ ਮੰਗਲਵਾਰ ਨੂੰ ਜਵਾਬ ਦੇਣ ਦਾ ਨਿਰਦੇਸ਼ ਦਿੱਤਾ ਹੈ। ਰਣਜੀਤ ਸਿੰਘ ਗਿਲ ਦੀ ਓਰ ਤੋਂ ਪ੍ਰਸਤੁਤ ਅਧਿਕਾਰ ਸ੍ਰੀ ਐਨ. ਕੇ. ਵਰਮਾ ਨੇ ਅਦਾਲਤ ਨੂੰ ਲਾਗੂ ਕੀਤਾ ਕਿ ਸਰਕਾਰ ਵੱਲੋਂ ਇਸ ਨੂੰ ਸਵੀਕਾਰ ਕੀਤਾ ਗਿਆ ਹੈ ਕਿ ਰਣਜੀਤ ਸਿੰਘ ਗਿਲ ਦੇ ਸਾਲ 2021 ਦੀ ਇੱਕ ਐਫਆਈਆਰ ਵਿੱਚ ਸਿਰਫ਼ ਗਵਾਹ ਦੇ ਤੌਰ 'ਤੇ ਜਾਰੀ ਕੀਤਾ ਗਿਆ ਸੀ ਅਤੇ ਉਨ੍ਹਾਂ ਨੂੰ ਕਿਸੇ ਵੀ ਕੇਸ ਵਿੱਚ ਸੁਧਾਰ ਨਹੀਂ ਕੀਤਾ ਗਿਆ ਸੀ। ਭਾਜਪਾ ਪੰਜਾਬ ਲੀਗਲ ਸੇਲ ਕਨਵੀਨਰ ਸ਼੍ਰੀ ਐਨ ਦੇ ਵਰਮਾ ਨੇ ਇਹ ਵੀ ਕਿਹਾ ਕਿ



ਗਿਲ ਦੇ ਪ੍ਰੌਪੈਂਟਸ 'ਤੇ ਵਿਜਿਲੇਂਸ ਦੁਆਰਾ ਤਿਆਰ ਕੀਤਾ ਗਿਆ ਹੈ ਪੂਰੀ ਤਰ੍ਹਾਂ ਨਾਲ ਸਿਆਸੀ ਬਦਲਾਵ ਦੀ ਭਾਵਨਾ ਲੀਡਰ ਨੇ, ਜਦੋਂ ਕਿ ਕਿਸੇ ਵੀ ਮਾਮਲੇ ਵਿੱਚ ਉਨ੍ਹਾਂ ਦੇ ਖਿਲਾਫ ਕੁਝ ਵੀ ਤੁਹਾਡੇ ਲਈ ਨੁਕਸਾਨਦੇਹ ਨਹੀਂ ਹੈ। ਉਹ ਇਹ ਕੋਸ਼ਿਸ਼ ਗਿਲ ਦੀ ਪ੍ਰਭਾਵ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਨ ਲਈ। ਮਾਲੂਮ ਹੋ ਕਿ



ਰਣਜੀਤ ਸਿੰਘ ਗਿਲ ਨੇ 18 ਜੁਲਾਈ ਕੋ ਸ਼ਿਰੋਮਣੀ ਅਕਾਲੀ ਦਲ ਤੋਂ ਇਸਤੀਫਾ ਦੇ ਦਿੱਤੀ ਅਤੇ 1 ਅਗਸਤ ਨੂੰ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਏ। ਇਸ ਦਾ ਅਗਲਾ ਇਹ ਦਿਨ, 2 ਅਗਸਤ ਦੀ ਸਵੇਰ, ਉਨ੍ਹਾਂ ਦੇ ਸਾਰੇ ਪ੍ਰੌਪਟਰਾਂ 'ਤੇ ਪੰਜਾਬ ਵਿਜਿਲੇਂਸ ਬਿਊਰੋ ਦੁਆਰਾ ਛਾਪੇਮਾਰੀ ਦੀ ਕੀਤੀ ਗਈ।

# ਸੀਬੀਏ ਇਨਫੋਟੈਕ ਨੇ ਸਰਹੱਦੀ ਇਲਾਕਿਆਂ ਦੇ ਨੌਜਵਾਨਾਂ ਲਈ ਰੋਜ਼ਗਾਰ ਯੋਗ ਕੋਰਸਾਂ ਤੇ ਖ਼ਾਸ ਛੂਟ - ਇੰਜੀ .ਸੰਦੀਪ ਕੁਮਾਰ

**ਸੀਬੀਏ ਇਨਫੋਟੈਕ ਨੇ ਸੈਂਕੜੇ ਵਿਦਿਆਰਥੀਆਂ ਨੂੰ ਮਲਟੀਨੇਸ਼ਨਲ ਕੰਪਨੀਆਂ ਵਿੱਚ ਨੌਕਰੀ ਲਈ ਤਿਆਰ ਕੀਤਾ ਹੈ - ਸੰਦੀਪ ਕੁਮਾਰ**

ਗੁਰਦਾਸਪੁਰ ( ਜਸਵਿੰਦਰ ਸਿੰਘ ) ਗੁਰਦਾਸਪੁਰ: ਵਿਸ਼ਵ ਭਰ ਵਿੱਚ ਤਕਨੀਕ ਤੇ ਆਧੁਨਿਕਤਾ ਦੀ ਮੰਗ ਤੇਜ਼ੀ ਨਾਲ ਵਧ ਰਹੀ ਹੈ। ਅਜਿਹੇ ਸਮੇਂ ਵਿੱਚ ਜਿੱਥੇ ਨੌਜਵਾਨ ਰੋਜ਼ਗਾਰ ਦੀ ਭਾਲ ਵਿੱਚ ਹਨ, ਉੱਥੇ CBA Infotech ਵੱਲੋਂ ਸਰਹੱਦੀ ਇਲਾਕਿਆਂ ਦੇ ਨੌਜਵਾਨ ਮੁੰਡਿਆਂ ਤੇ ਕੁੜੀਆਂ ਲਈ Computer ਤੇ IT ਕੋਰਸਾਂ 'ਤੇ 20% ਦੀ ਖ਼ਾਸ ਛੂਟ ਦਾ ਐਲਾਨ ਕੀਤਾ ਗਿਆ ਹੈ। ਇਹ ਪਹੁੰਚ ਉਨ੍ਹਾਂ ਵਿਦਿਆਰਥੀਆਂ ਲਈ ਹੈ ਜੋ ਘਰ ਦੇ ਨੇੜੇ ਹੀ ਉਚਿਤ ਸਿੱਖਿਆ ਲੈ ਕੇ ਆਪਣੀ ਨੌਕਰੀ ਦੀ ਤਿਆਰੀ ਕਰਨਾ ਚਾਹੁੰਦੇ ਹਨ CBA Infotech ਨੇ ਇਲਾਕੇ ਵਿੱਚ Digital Education ਨੂੰ ਅੱਗੇ ਵਧਾਉਣ ਲਈ ਇਹ ਮੁਹਿੰਮ ਚਲਾਈ ਹੈ। ਇਸ ਵਿਚ ਵਿਸ਼ੇਸ਼ ਤੌਰ 'ਤੇ ਉਹ ਕੋਰਸ ਸ਼ਾਮਲ ਕੀਤੇ ਗਏ ਹਨ ਜੋ ਬਾਜ਼ਾਰ ਦੀ ਮੰਗ ਅਨੁਸਾਰ



ਨੌਜਵਾਨਾਂ ਨੂੰ ਰੋਜ਼ਗਾਰਯੋਗ ਬਣਾਉਂਦੇ ਹਨ ਕੋਰਸਾਂ ਵਿੱਚ ਸ਼ਾਮਲ ਹਨ:ਫੁੱਲ ਸਟੈਕ ਵੈੱਬ ਡਿਵੈਲਪਮੈਂਟ ਗ੍ਰਾਫਿਕ ਡਿਜ਼ਾਈਨਿੰਗਡਿਜੀਟਲ ਮਾਰਕੇਟਿੰਗ ਪਾਈਥਨ ਵਿਥ ਏ.ਆਈ. ਟੂਲਜ਼ਐਡਵਾਂਸ ਐਕਸਲ ਤੇ ਪਾਵਰ ਬੀ.ਆਈ.ਟੈਲੀ ਪ੍ਰਾਈਮ ਵਿਥ ਜੀ.ਐਸ.ਟੀ. ਸੀ++ / ਜਾਵਾ ਫਾਰ ਬਿਗਿਨਰਜ਼ਬੇਸਿਕ ਕੰਪਿਊਟਰ ਤੇ ਆਫਿਸ ਆਟੋਮੇਸ਼ਨ ਇਹ ਸਾਰੇ ਕੋਰਸ ਪ੍ਰੈਕਟਿਕਲ ਅਧਾਰ 'ਤੇ ਤਿਆਰ ਕੀਤੇ ਗਏ ਹਨ ਅਤੇ ਵਿਦਿਆਰਥੀਆਂ ਨੂੰ ਲਾਈਵ ਪ੍ਰਾਜੈਕਟਾਂ 'ਤੇ ਕੰਮ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ।

# ਚੇਅਰਮੈਨ ਰਾਜੀਵ ਸ਼ਰਮਾ ਨੇ ਆਪ ਪਾਰਟੀ ਜ਼ਿਲ੍ਹਾ ਗੁਰਦਾਸਪੁਰ ਦੇ ਜੋਬਨ ਰੰਧਾਵਾ ਚੇਅਰਮੈਨ ਪਲਾਇੰਗ ਬੋਰਡ ਬਨਣ ਤੇ ਵਧਾਈ ਦਿੱਤੀ

**ਮੁੱਖ ਮੰਤਰੀ ਪੰਜਾਬ ਸ: ਭਗਵੰਤ ਮਾਨ ਜੀ ਜ਼ਿਲ੍ਹਾ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕੀਤਾ - ਰਾਜੀਵ ਸ਼ਰਮਾ**

ਗੁਰਦਾਸਪੁਰ: ( ਜਸਵਿੰਦਰ ਸਿੰਘ )-ਆਮ ਆਦਮੀ ਪਾਰਟੀ ਨੇ ਗੁਰਦਾਸਪੁਰ ਦੇ ਜੋਬਨ ਰੰਧਾਵਾ ਨੂੰ ਆਮ ਆਦਮੀ ਪਾਰਟੀ ਜ਼ਿਲ੍ਹਾ ਗੁਰਦਾਸਪੁਰ ਦਾ ਚੇਅਰਮੈਨ ਪਲਾਨਿੰਗ ਬੋਰਡ ਨਿਯੁਕਤ ਕੀਤਾ ਗਿਆ ਇਸ ਮੌਕੇ ਤੇ ਚੇਅਰਮੈਨ ਰਾਜੀਵ ਸ਼ਰਮਾ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਮੈਂ ਸਮੁੱਚੀ ਪਾਰਟੀ ਹਾਈ ਕਮਾਨ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਜੀ ,ਪੰਜਾਬ ਪ੍ਰਭਾਰੀ ਸ੍ਰੀ ਮੁਨੀਸ਼ ਸਿਸੋਦੀਆ ਜੀ, ਮੁੱਖ ਮੰਤਰੀ ਪੰਜਾਬ ਸ: ਭਗਵੰਤ ਮਾਨ ਜੀ, ਪਾਰਟੀ ਪ੍ਰਧਾਨ ਅਮਨ ਅਰੋੜਾ ਜੀ, ਵਰਕਿੰਗ ਪ੍ਰਧਾਨ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਜੀ, ਸਮੁੱਚੀ ਜ਼ਿਲ੍ਹਾ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਤੇ ਚੇਅਰਮੈਨ ਨੇ ਕਿਹਾ ਕਿ ਉਹ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ ਆਮ ਆਦਮੀ ਪਾਰਟੀ ਵਿੱਚ ਮਿਹਨਤ ਕਰਨ ਵਾਲੇ ਹਰ ਵਰਕਰ ਅਤੇ ਆਗੂ ਨੂੰ ਬਰਾਬਰ ਦਾ ਮਾਣ ਸਨਮਾਨ ਮਿਲਦਾ ਹੈ ਚੇਅਰਮੈਨ ਰਾਜੀਵ ਸ਼ਰਮਾ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੰਜਾਬ ਦੇ ਨੌਜਵਾਨਾਂ ਦੀ ਅਥਾਹ ਊਰਜਾ ਨੂੰ ਸਕਾਰਾਤਮਕ ਪਾਸੇ



ਲਾਉਣ ਲਈ ਖੇਡਾਂ ਨੂੰ ਉਤਸ਼ਾਹਿਤ ਕਰਨ ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਅਤੇ ਵਿਸ਼ਵ ਪੱਧਰੀ ਖੇਡ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ

# ਪੰਜਾਬ ਭਰ ਚ ਮਹਿਰਾ ਸਮਾਜ ਦਾ ਹੋਇਆ ਇਕੱਠ ਮਹਿਰਾ ਪਰਿਵਾਰਾਂ ਨੂੰ ਜੋੜਨ ਲਈ ਚਲਾਈ ਲਹਿਰ

ਲੁਧਿਆਣਾ, ,( ਸੁਖਚੈਨ ਮਹਿਰਾ) ਆਲ ਇੰਡੀਆ ਮਹਿਰਾ, ਕਸ਼ਯਪ, ਕਹਾਰ, ਕੇਵਟ, ਨਿਸ਼ਾਦ, ਝੀਵਰ ਅਤੇ ਸਾਹਨੀ, ਮਾਲਾਹ ਵੈਲਫੇਅਰ ਸੋਸਾਇਟੀ ਵੱਲੋਂ ਮੀਟਿੰਗ ਦਾ ਆਯੋਜਨ ਸਾਬਕਾ ਕੌਂਸਲਰ ਰਾਜ ਕੁਮਾਰ ਮਹਿਰਾ ਦੇ ਨਿਵਾਸ ਸਥਾਨ ਵਿਖੇ ਕੀਤਾ ਗਿਆ ਇਸ ਮੌਕੇ ਬਿੱਕਰ ਸਿੰਘ ਮਹਿਰਾ ਰਾਸ਼ਟਰੀ ਸਕੱਤਰ ਏ.ਆਈ.ਸੀ.ਸੀ. ਫਿਸ਼ਰਮੈਨ ਕਾਂਗਰਸ ਕਮੇਟੀ ਅਤੇ ਵਾਈਸ ਚੇਅਰਮੈਨ ਓ.ਬੀ.ਸੀ. ਸੈੱਲ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਅਤੇ ਜਨਰਲ ਸਕੱਤਰ ਘੱਟ ਗਿਣਤੀ ਸੈੱਲ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਅਤੇ ਧਰਮਵੀਰ ਸਿੰਘ ਮਹਿਰਾ ਰਿਟਾਇਰਡ ਐਸ ਪੀ ਅਤੇ ਜਨਰਲ ਸਕੱਤਰ ਪੰਜਾਬ ਪਰਦੇਸ਼ ਕਾਂਗਰਸ ਕਮੇਟੀ ਘੱਟ ਗਿਣਤੀ ਸੈੱਲ ਪੰਜਾਬ ਹੋਰ ਵੀ ਕਈ ਪਤਵੰਤੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਬਿੱਕਰ ਸਿੰਘ ਮਹਿਰਾ ਨੇ ਸਾਂਝੇ ਤੌਰ 'ਤੇ ਕਿਹਾ ਕਿ ਕਾਂਗਰਸ ਪਾਰਟੀ ਓਬੀਸੀ ਭਾਈਚਾਰੇ ਨਾਲ਼ ਹਮੇਸ਼ਾਂ ਤੋਂ ਹੀ ਹਿਤੈਸ਼ੀ ਰਹੀ ਹੈ। ਉਨ੍ਹਾਂ ਕਿਹਾ ਕਿ ਓਬੀਸੀ ਭਾਈਚਾਰੇ ਨੂੰ ਪੰਜਾਬ ਵਿੱਚ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਨਹੀਂ ਆਣ ਦਿਤੀ



ਜਾਏਗੀ ਜੇਕਰ ਕੋਈ ਵੀ ਪ੍ਰੇਸ਼ਾਨੀ ਆਉਂਦੀ ਹੈ ਤਾਂ ਸਾਡੀ ਟੀਮ ਨਾਲ਼ ਸੰਪਰਕ ਕਰ ਸਕਦੇ ਹਨ। ਇਸ ਦੇ ਨਾਲ ਸਾਡੀ ਆਲ ਇੰਡੀਆ ਸੁਸਾਇਟੀ ਵੱਲੋਂ ਬਣਦਾ ਮਾਨ ਸਨਮਾਨ ਵੀ ਦਿੱਤਾ ਜਾਏਗਾ ਅਤੇ ਸਾਬਕਾ ਕੌਂਸਲਰ ਰਾਜ ਮਹਿਰਾ ਨੇ ਸਕੱਤਰ ਬਿੱਕਰ ਸਿੰਘ ਮਹਿਰਾ ਨਾਲ ਹੋਰ ਵੀ ਕਈ ਅਹਿਮ ਮੁਧਿਆ ਤੇ ਚਰਚਾ ਕੀਤੀ ਉਨ੍ਹਾਂ ਕਿਹਾ ਕਿ ਪੰਜਾਬ ਭਰ ਦੇ ਵਿੱਚ ਕਸ਼ਯਪ ਰਾਜਪੂਤ ਮਹਿਰਾ ਸਮਾਜ ਦੇ ਲੋਕ ਵੱਡੀ ਗਿਣਤੀ ਵਿੱਚ ਸੰਗਠਨ ਦੇ ਵਿੱਚ ਸ਼ਾਮਿਲ ਹੋਣ ਲਈ ਲਗਾਤਾਰ ਸੰਪਰਕ ਕਰ ਰਹੇ ਹਨ। ਇਸ ਮੌਕੇ ਮਾਸਟਰ ਰਾਜ ਰਾਜ ਕੁਮਾਰ ਮਹਿਰਾ ,ਬਲਵੀਰ ਸਿੰਘ ਮਹਿਰਾ ,ਗੁਰਜੀਤ ਸਿੰਘ ਮਹਿਰਾ, ਰੌਬਿਨ ਮਹਿਰਾ, ਪੱਤਰਕਾਰ ਸੁਖਚੈਨ ਸਿੰਘ ਮਹਿਰਾ, ਪੱਤਰਕਾਰ ਰਾਮ ਰਾਜਪੂਤ, ਮਨਜੀਤ ਸਿੰਘ, ਸੋਨੂ ਮਹਿਰਾ, ਕੁਲਵਿੰਦਰ ਕੌਰ ਪੰਚ, ਨਛੱਤਰ ਕੌਰ ਰੋਪੜ, ਲਵਪ੍ਰੀਤ ਕੌਰ, ਕੁਲਵਿੰਦਰ ਕੌਰ, ਸੀਮਾ ਰਾਣੀ, ਅਮਨਪ੍ਰੀਤ ਸਿੰਘ, ਪਰਮਜੀਤ ਸਿੰਘ, ਜਸਕਰਨ ਸਿੰਘ, ਕਮਲਪ੍ਰੀਤ ਸਿੰਘ, ਕੁਲਵਿੰਦਰ ਕੌਰ ਮਹਿਰਾ ਨਵਾਂ ਸ਼ਹਿਰ, ਗੁਰਵਿੰਦਰ ਸਿੰਘ ਮਹਿਰਾ, ਰਣਜੀਤ ਸਿੰਘ ਮਹਿਰਾ, ਰਜੇਸ਼ ਕੁਮਾਰ ਮਹਿਰਾ, ਮਨਜੀਤ ਸਿੰਘ ਮਹਿਰਾ, ਪ੍ਰੀਤਮਾ ਮਹਿਰਾ ਜਲੰਧਰ, ਭੁਪਿੰਦਰ ਸਿੰਘ ਮਹਿਰਾ, ਅਮਰਜੀਤ ਸਿੰਘ ਮਹਿਰਾ, ਹਾਜ਼ਰ ਹੋਏ ਸਨ

# ਮੈਨੂੰ ਮਾਣ ਅਕਾਲੀ ਹੋਣ ਤੇ ਮੁਹਿੰਮ ਦਾ ਹਲਕਾ ਖਰੜ ਵਿੱਚ ਆਗਾਜ਼

## ਕਾਂਗਰਸ ਅਤੇ ਆਪ ਨੇ ਪੰਜਾਬ ਨੂੰ ਰੋਡਵੇਜ਼ ਦੀ ਲਾਰੀ ਬਣਾਕੇ ਰੱਖ ਦਿੱਤਾ- ਚੌਧਰੀ ਸ਼ਿਆਮ ਲਾਲ ਮਾਜਰੀਆਂ

ਜੇ ਕੇ ਬੱਤਾ ਖਰੜ, "ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੱਲੋਂ ਪੰਜਾਬ ਵਿੱਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਦੀ ਲੜੀ ਨੂੰ ਤੋੜ ਕੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਰਾਜ ਨੂੰ ਰੋਡਵੇਜ਼ ਦੀ ਲਾਰੀ ਬਣਾਕੇ ਰੱਖ ਦਿੱਤਾ ਹੈ ਜਿਹੜੀ ਕਿ ਚੱਲ ਤਾਂ ਰਹੀ ਹੈ ਪ੍ਰੰਤੂ ਉਸ ਵਿੱਚ ਬੈਠਣ ਵਾਲੀ ਹਰ ਸਵਾਰੀ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੀ ਹੈ,÷ਇਹ ਪ੍ਰਗਟਾਵਾ ਜਿਲ੍ਹਾ ਪ੍ਰੀਸ਼ਦ ਮੈਂਬਰ ਅਤੇ ਵਿਧਾਨ ਸਭਾ ਹਲਕਾ ਖਰੜ ਦੇ ਅਕਾਲੀ ਆਗੂ ਚੌਧਰੀ ਸ਼ਿਆਮ ਲਾਲ ਮਾਜਰੀਆਂ ਨੇ ਸੱਦੀ ਗਈ ਇੱਕ ਪ੍ਰੈਸ ਕਾਨਫਰੰਸ ਦੌਰਾਨ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕੀਤਾ। ਅਕਾਲੀ ਆਗੂ ਸ਼੍ਰੀ ਚੌਧਰੀ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਦੇ ਆਗੂ ਪੰਜਾਬ ਨੂੰ ਦਰਕਿਨਾਰ ਕਰਕੇ ਨਿੱਜੀ ਸਵਾਰਥਾਂ ਦੀ ਰਾਜਨੀਤੀ ਨੂੰ ਹੀ ਤਰਜੀਹ ਦਿੰਦੇ ਆ ਰਹੇ ਹਨ ਜਿਸ ਕਾਰਨ ਅੱਜ ਪੰਜਾਬ 4 ਲੱਖ ਕਰੋੜ ਦੇ ਕਰਜ਼ੇ ਦੇ ਭਾਰ ਥੱਲੇ ਸਹਿਕਣ ਲਈ ਮਜਬੂਰ ਹੋ ਗਿਆ ਹੈ। ਉਨਾਂ ਕਿਹਾ ਕਿ ਰਾਜ ਦਾ ਹਰ ਵਸਨੀਕ ਅੱਜ ਸ਼੍ਰੋਮਣੀ ਅਕਾਲੀ ਦਲ ਦੀ ਦੂਰਅੰਦੇਸ਼ੀ ਕਾਰਨ ਸਰਦਾਰ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਬਣਾਉਣ ਲਈ ਕਾਹਲਾ ਹੈ।




# ਮੁੱਖ ਮੰਤਰੀ ਤੇ ਸੰਤ ਨਿਰੰਜਨ ਦਾਸ ਜੀ ਨੇ ਡੇਰਾ ਸੱਚਖੰਡ ਬੱਲਾਂ ਵਿਖੇ ਐਸ.ਟੀ.ਪੀ. ਦਾ ਨੀਂਹ ਪੱਥਰ ਰੱਖਿਆ

## ਇਸ ਪਹਿਲਕਦਮੀ ਨਾਲ ਡੇਰਾ ਸੱਚਖੰਡ ਬੱਲਾਂ ਦਾ ਵਾਤਾਵਰਨ ਹੋਵੇਗਾ ਸਾਫ਼

ਬੱਲਾਂ (ਜਲੰਧਰ), (ਲੋਕ ਬਾਣੀ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਡੇਰਾ ਸੱਚਖੰਡ ਬੱਲਾਂ ਵਿਖੇ ਤਕਰੀਬਨ 3.4 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਣ ਵਾਲੇ ਸੀਵਰੇਜ ਟਰੀਟਮੈਂਟ ਪਲਾਂਟ (ਐਸ.ਟੀ.ਪੀ.) ਅਤੇ ਮੁੱਖ ਪੰਪਿੰਗ ਸਟੇਸ਼ਨ ਦਾ ਨੀਂਹ ਪੱਥਰ ਰੱਖਿਆ। ਮੁੱਖ ਮੰਤਰੀ ਅੱਜ ਇੱਥੇ ਡੇਰਾ ਸੱਚਖੰਡ ਬੱਲਾਂ ਵਿਖੇ ਨਤਮਸਤਕ ਹੋਏ ਅਤੇ ਡੇਰਾ ਮੁਖੀ ਸੰਤ ਨਿਰੰਜਨ ਦਾਸ ਜੀ ਤੋਂ ਆਸ਼ੀਰਵਾਦ ਲਿਆ। ਸ਼ਰਧਾ ਦਾ ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮਹਾਨ ਧਾਰਮਿਕ ਆਗੂਆਂ ਦੀ ਚਰਨ ਛੋਹ ਪ੍ਰਾਪਤ ਇਸ ਇਸ ਪਵਿੱਤਰ ਸਥਾਨ ਦੇ ਦਰਸ਼ਨ ਕਰਨ ਦਾ ਮੌਕਾ ਪ੍ਰਾਪਤ ਕਰ ਕੇ ਉਹ ਧੰਨ ਮਹਿਸੂਸ ਕਰਦੇ ਹਨ। ਉਨ੍ਹਾਂ ਕਿਹਾ ਕਿ ਇਸ ਧਰਤੀ ਨੇ ਹਮੇਸ਼ਾ ਵਿਸ਼ਵ ਸ਼ਾਂਤੀ, ਭਾਈਚਾਰਕ ਸਾਂਝ ਅਤੇ ਫਿਰਕੂ ਸਦਭਾਵਨਾ ਦੀਆਂ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕੀਤਾ ਹੈ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਬਾਬਾ ਸਾਹਿਬ ਡਾ. ਬੀ.ਆਰ. ਅੰਬੇਦਕਰ ਵੱਲੋਂ ਦਰਸਾਏ ਮਾਰਗ 'ਤੇ ਚੱਲਦਿਆਂ ਪੰਜਾਬ ਸਰਕਾਰ ਨੇ ਸਿਹਤ, ਰੋਜ਼ਗਾਰ ਅਤੇ ਹੋਰ ਮੁੱਖ ਖੇਤਰਾਂ ਦੇ ਨਾਲ-ਨਾਲ ਸਿੱਖਿਆ ਖੇਤਰ ਨੂੰ ਤਰਜੀਹ ਦਿੱਤੀ ਹੈ।



# ਅਗਨੀਵੀਰ ਵਾਯੂ ਲਈ ਜਲੰਧਰ ਵਿਖੇ ਭਰਤੀ ਰੈਲੀ 24 ਅਗਸਤ ਤੋਂ 6 ਸਤੰਬਰ ਤੱਕ

## ਐਸ.ਡੀ.ਐਮ. ਨੇ ਲਿਆ ਤਿਆਰੀਆਂ ਦਾ ਜਾਇਜ਼ਾ

ਜਲੰਧਰ, (ਲੋਕ ਬਾਣੀ): ਅਗਨੀਵੀਰ ਵਾਯੂ ਇਨਟੇਕ 1/2026 ਲਈ ਏਅਰਮੈਨ ਚੋਣ ਕੇਂਦਰ ਅੰਬਾਲਾ ਵੱਲੋਂ ਭਰਤੀ ਰੈਲੀ ਸਥਾਨਕ ਆਰਟਸ ਅਤੇ ਸਪੋਰਟਸ ਕਾਲਜ ਵਿਖੇ 24 ਅਗਸਤ ਤੋਂ 6 ਸਤੰਬਰ 2025 ਕਰਵਾਈ ਜਾ ਰਹੀ ਹੈ। ਇਸ ਸਬੰਧੀ ਉਪ ਮੰਡਲ ਮੈਜਿਸਟ ?ਰੇਟ ਆਦਮਪੁਰ ਵਿਵੇਕ ਕੁਮਾਰ ਮੋਦੀ (ਵਾਧੂ ਚਾਰਜ ਵਧੀਕ ਡਿਪਟੀ ਕਮਿਸ਼ਨਰ ਪੇਂਡੂ ਵਿਕਾਸ) ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਭਰਤੀ ਰੈਲੀ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ। ਸ਼ ?ਰੀ ਮੋਦੀ, ਜਿਨ੍ਹਾਂ ਨੂੰ ਭਰਤੀ ਰੈਲੀ ਲਈ ਨੋਡਲ ਅਫ਼ਸਰ ਨਿਯੁਕਤ ਕੀਤਾ ਗਿਆ ਹੈ, ਨੇ ਦੱਸਿਆ ਕਿ ਇਸ ਭਰਤੀ ਰੈਲੀ ਵਿੱਚ ਪੰਜਾਬ, ਹਿਮਾਚਾਲ ਪ੍ਰਦੇਸ਼ ਸੂਬਿਆਂ ਤੋਂ ਇਲਾਵਾ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਚੰਡੀਗੜ੍ਹ, ਲੱਦਾਖ ਅਤੇ ਜੰਮੂ ਕਸ਼ਮੀਰ ਦੇ ਉਮੀਦਵਾਰ ਭਾਗ ਲੈਣਗੇ। ਉਨ੍ਹਾਂ ਦੱਸਿਆ ਕਿ ਇਹ ਰੈਲੀ 27 ਅਗਸਤ ਤੋਂ 1 ਸਤੰਬਰ ਤੱਕ ਪੁਰਸ਼ ਉਮੀਦਵਾਰਾਂ ਅਤੇ 2 ਤੋਂ 4 ਸਤੰਬਰ ਤੱਕ ਮਹਿਲਾ ਉਮੀਦਵਾਰਾਂ ਦੀ ਭਰਤੀ ਲਈ ਹੋਵੇਗੀ। ਉਨ੍ਹਾਂ ਦੱਸਿਆ ਕਿ 27 ਤੇ 28 ਅਗਸਤ ਨੂੰ ਜੰਮੂ ਕਸ਼ਮੀਰ, ਲੱਦਾਖ ਅਤੇ ਹਿਮਾਚਲ ਪ੍ਰਦੇਸ਼ ਦੇ ਉਮੀਦਵਾਰ, 30 ਤੇ 31 ਅਗਸਤ ਨੂੰ ਪੰਜਾਬ ਤੇ ਚੰਡੀਗੜ੍ਹ ਅਤੇ 2 ਤੇ 3 ਸਤੰਬਰ ਨੂੰ ਹਰੇਕ ਰਾਜ/ਕੇਂਦਰੀ ਸ਼ਾਸਿਤ ਪ੍ਰਦੇਸ਼ ਦੀਆਂ ਮਹਿਲਾ ਉਮੀਦਵਾਰ ਭਾਗ ਲੈਣਗੀਆਂ।



# ਜ਼ੋਨ ਪੱਧਰੀ ਖੇਡਾਂ ਵਿੱਚ ਰਤਵਾੜਾ ਸਾਹਿਬ ਨਿਊ ਚੰਡੀਗੜ੍ਹ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ

ਜੇ ਕੇ ਬੱਤਾ ਖਰੜ, ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਰਤਵਾੜਾ ਸਾਹਿਬ ਨਿਊ ਚੰਡੀਗੜ੍ਹ ਦੇ ਬੱਚਿਆਂ ਨੇ ÷ਪੰਜਾਬ ਸਿੱਖਿਆ ਵਿਭਾਗ÷ ਵੱਲੋਂ 28/07/2025 ਤੋਂ ਆਯੋਜਿਤ ਕੀਤੀਆਂ ਜਾ ਰਹੀਆਂ ਪੰਜਾਬ ਦੀਆਂ ਜੋਨ ਪੱਧਰੀ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਅਪਣੇ ਸਕੂਲ ਦਾ ਨਾਂ ਰੌਸ਼ਨ ਕੀਤਾ। ਜੋਨਲ ਖੇਡਾਂ ਵਿਚ ਬੈਡਮਿੰਟਨ ( ”-19) ਲੜਕਿਆਂ ਦੀ ਟੀਮ ਨੇ ਦੂਜਾ ਸਥਾਨ, ਕੁਸ਼ਤੀਆਂ ਵਿੱਚ ( ”-14, 17, 19) 4 ਵਿਦਿਆਰਥੀ ਪਹਿਲੇ ਸਥਾਨ ਅਤੇ 1 ਵਿਦਿਆਰਥੀ ਦੂਜੇ ਸਥਾਨ ਤੇ ਰਿਹਾ। ਲੜਕਿਆਂ ਦੀ ਵਾਲੀਵਾਲ ਟੀਮ ( ”-14) ਦੂਜੇ ਸਥਾਨ ਤੇ ਰਹੀ ਇਸਦੇ ਨਾਲ ਹੀ ( ”-19) ਲੜਕੀਆਂ ਦੀ ਵਾਲੀਵਾਲ ਦੀ ਜਿਲਾ ਪੱਧਰੀ ਟੀਮ ਲਈ 6 ਲੜਕੀਆਂ ਦੀ ਚੋਣ ਕੀਤੀ ਗਈ। ਸਰਕਲ ਕਬੱਡੀ ( ”-14) ਲੜਕਿਆਂ ਦੀ ਟੀਮ ਦੂਜੇ ਸਥਾਨ ਤੇ ਅਤੇ ( ”-19) ਲੜਕਿਆਂ ਦੀ ਟੀਮ ਪਹਿਲੇ ਸਥਾਨ ਤੇ ਰਹੀ। ਇਸੇ ਤਰ੍ਹਾਂ ਸ਼ਤਰੰਜ ਵਿੱਚ ( ”-14) ਲੜਕੀਆਂ ਨੇ ਦੂਜਾ ਸਥਾਨ, ( ”-19) ਲੜਕੀਆਂ ਅਤੇ ਲੜਕਿਆਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਤੇ ਟਰਸਟ ਦੇ ਚੇਅਰਮੈਨ ਬਾਬਾ ਲਖਬੀਰ ਸਿੰਘ ਜੀ ਨੇ ਸਕੂਲ ਦੇ ਜੇਤੂ ਖਿਡਾਰੀਆਂ ਨੂੰ ਆਸ਼ੀਰਵਾਦ ਦਿਤਾ ਤੇ ਸਕੂਲ ਸਟਾਫ, ਖਾਸਤੌਰ ਤੇ ਖੇਡ ਅਧਿਆਪਕ ਨੂੰ ਵਧਾਈ ਦਿਤੀ। ਸਕੂਲ ਦੇ ਡਾਇਰੈਕਟਰ ਇੰਜੀ: ਜਸਵੰਤ ਸਿੰਘ ਜੀ ਨੇ ਪ੍ਰਿਸੀਪਲ ਗੁਰਪ੍ਰੀਤ ਕੋਰ ਅਤੇ ਸਾਰੇ ਸਟਾਫ ਨੂੰ ਮੁਬਾਰਕਵਾਦ ਦਿੰਦੇ ਹੋਏ ਚਲ ਰਹੀਆਂ ਖੇਡਾਂ ਵਿੱਚ ਇਸ ਤੋਂ ਵਧੀਆ ਕਾਰਗੁਜਾਰੀ ਦੀ ਕਾਮਨਾ ਕੀਤੀ।

# ਬੱਚਿਆਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਖੇਡਾਂ ਨਾਲ ਜਰੂਰ ਜੋੜਨ ਮਾਪੇ : ਗੁਰਪ੍ਰਤਾਪ ਸਿੰਘ ਪਡਿਆਲਾ

ਜੇ ਕੇ ਬੱਤਾ ਖਰੜ, ਅੱਜ ਸਥਾਨਕ ਸਿੰਘਪੁਰਾ ਰੋਡ ਤੇ ਸਥਿਤ ਸਟੇਡੀਅਮ ਵਿੱਚ ਹੈਂਡਬਾਲ ਕਲੱਬ ਕਰਾਲੀ ਵੱਲੋਂ ਇੱਕ ਮਿਲਣੀ ਪ੍ਰੋਗਰਾਮ ਰੱਖਿਆ ਗਿਆ।ਇਸ ਪ੍ਰੋਗਰਾਮ ਦੌਰਾਨ ਖੇਡ ਪ੍ਰਮੋਟਰ ਅਤੇ ਕਾਂਗਰਸੀ ਆਗੂ ਗੁਰਪ੍ਰਤਾਪ ਸਿੰਘ ਪਡਿਆਲਾ ਵਿਸ਼ੇਸ਼ ਤੌਰ ਤੇ ਪਹੁੰਚੇ।ਇਸ ਮੌਕੇ ਉਹਨਾਂ ਖਿਡਾਰੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਉਹ ਹਮੇਸ਼ਾ ਤੋਂ ਹੀ ਖਿਡਾਰੀਆਂ ਦਾ ਸਨਮਾਨ ਕਰਦੇ ਹਨ ਕਿਉਂਕਿ ਖਿਡਾਰੀ ਹੀ ਅਨੁਸ਼ਾਸਿਤ ਜ਼ਿੰਦਗੀ ਜਿਉਂਦਾ ਹੈ। ਸ. ਪਡਿਆਲਾ ਨੇ ਕਿਹਾ ਹੈ ਕਿ ਆਪਣੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਨਾਲ ਜੋੜਨਾ ਇੱਕ ਵੱਡੀ ਗੱਲ ਹੈ।ਇਸ ਲਈ ਉਹਨਾਂ ਬੱਚਿਆਂ ਦੇ ਮਾਪਿਆਂ ਨੂੰ ਵੀ ਵਧਾਈ ਦਾ ਪਾਤਰ ਹਨ। ਇਸਦੇ ਨਾਲ ਹੀ ਉਹਨਾਂ ਬੱਚਿਆਂ ਨੂੰ ਨਿਸ਼ਕਾਮ ਸੇਵਾ ਕਰ ਖੇਡਾਂ ਨਾਲ ਜੋੜ ਰਹੇ ਕੋਚ ਸਾਹਿਬਾਨ ਦਾ ਵੀ ਧੰਨਵਾਦ ਕਰਦਿਆਂ ਕਿਹਾ ਕਿ ਕੋਚ ਸਾਹਿਬਾਨ ਵੱਲੋਂ ਜੋ ਨਿਸ਼ਕਾਮ ਸੇਵਾ ਕਰ ਬੱਚਿਆਂ ਨੂੰ ਖੇਡਾਂ ਦੇ ਨਾਲ ਜੋ ਜੁੜਿਆ ਜਾ ਰਿਹਾ ਹੈ ਇਸ ਉਪਰਾਲੇ ਦੀ ਜਿੰਨੀ ਵੀ ਸਲਾਘਾ ਕੀਤੀ ਜਾਵੇ ਉਨੀਂ ਥੋੜੀ ਹੈ। ਇਸ ਮੌਕੇ ਉਹਨਾਂ ਬੱਚਿਆਂ ਤੇ ਲਈ ਹਰ ਮਹੀਨੇ ਕਲੱਬ ਨੂੰ 10 ਹਜਾਰ ਰੁਪਏ ਵਿੱਤੀ ਮਦਦ ਕਰਨ ਦਾ ਐਲਾਨ ਕੀਤਾ ਅਤੇ ਕਿਹਾ ਇਸਤੋਂ ਇਲਾਵਾ ਜੇਕਰ ਪ੍ਰਬੰਧਕਾਂ ਨੂੰ ਹੋਰ ਕਿਸੇ ਤਰ੍ਹਾਂ ਦੀ ਲੋੜ ਪਈ ਤਾਂ ਉਹ ਹਮੇਸ਼ਾ ਹੀ ਉਹਨਾਂ ਦੇ ਨਾਲ ਖੜੇ ਹਨ। ਇਸ ਮੌਕੇ ਕੋਚ ਸਾਹਿਬਾਨ ਵੱਲੋਂ ਗੁਰਪ੍ਰਤਾਪ ਸਿੰਘ ਪਡਿਆਲਾ ਦਾ ਸਰੋਪਾ ਪਾ ਕੇ ਸਨਮਾਨ ਵੀ ਕੀਤਾ ਗਿਆ।



# ਪਿੰਡ ਪੱਧਰ 'ਤੇ ਖੇਡ ਮੈਦਾਨ ਬਣ ਰਹੇ, ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਵਿੱਚ ਸਹਾਈ : ਪੰਚਾਇਤ ਮੰਤਰੀ

## ਅੰਤਰਰਾਸ਼ਟਰੀ ਪੱਧਰ ਉੱਤੇ ਚਮਕਣਗੇ ਪੰਜਾਬ ਦੇ ਪਿੰਡਾਂ ਦੇ ਖਿਡਾਰੀ :- ਤਰੁਨਪ੍ਰੀਤ ਸਿੰਘ ਸੌਂਦ

ਬੀਜਾ,ਖੰਨਾ, (ਲੁਧਿਆਣਾ) (ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ) ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ, ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਕਿਰਤ ਅਤੇ ਪ੍ਰਾਹੁਣਚਾਰੀ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਅੱਜ ਕਿਹਾ ਹੈ ਕਿ ਸਾਡੇ ਖਿਡਾਰੀ ਪੰਜਾਬ ਸਰਕਾਰ ਵੱਲੋਂ ਰਾਜ ਨੂੰ ਨਸ਼ਾ ਮੁਕਤ ਕਰਨ ਲਈ ਅਰੰਭੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਰੰਗਲਾ ਪੰਜਾਬ ਦੇ ਬ੍ਰਾਂਡ ਅੰਬੈਸਡਰ ਹਨ। ਕੈਬਨਿਟ ਮੰਤਰੀ ਅੱਜ ਇੱਥੇ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਸਪੋਰਟਸ ਕਲੱਬ ਮੰਜੀ ਸਾਹਿਬ ਕੋਟਾਂ ਵੱਲੋਂ ਕਰਵਾਏ ਗਏ ਕਬੱਡੀ ਕੱਪ ਦੇ ਜੇਤੂਆਂ ਨੂੰ ਸਨਮਾਨ ਕਰਨ ਪੁੱਜੇ ਹੋਏ ਸਨ। ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਹੁਣ ਮੈਡੀਕਲ ਤੇ ਇੰਜੀਨੀਅਰਿੰਗ ਸਮੇਤ ਹੋਰ ਕਿੱਤਿਆਂ ਦੀ ਤਰ੍ਹਾਂ ਪੰਜਾਬ ਸਰਕਾਰ ਦੀ ਸਿੱਖਿਆ ਤੇ ਖੇਡ ਨੀਤੀ ਕਰਕੇ ਖੇਡਾਂ ਵੀ ਹੁਣ ਚੰਗਾ ਕੈਰੀਅਰ ਬਣ ਗਈਆਂ ਹਨ, ਜਿਸ ਲਈ ਨੌਜਵਾਨ ਮੈਡਲ ਜਿੱਤ ਕੇ ਲਿਆਉਣ ਤਾਂ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਉਨ੍ਹਾਂ ਨੂੰ ਨੌਕਰੀਆਂ ਵੀ ਦੇਵੇਗੀ ਅਤੇ ਨਗ਼ਦ ਇਨਾਮ ਵੀ ਦੇਵੇਗੀ। ਪੰਚਾਇਤ ਮੰਤਰੀ ਨੇ ਰਾਜ ਸਰਕਾਰ ਵੱਲੋਂ ਸੂਬੇ ਦੇ ਨੌਜਵਾਨਾਂ ਨੂੰ ਨਸ਼ ? ?ਆਂ ਤੋਂ ਬਚਾਉਣ ਲਈ ਚਲਾਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਅਤੇ ਰੰਗਲਾ ਪੰਜਾਬ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਹੁਣ ਪੰਜਾਬ ਦੇ ਹਰ ਪਿੰਡ ਚ ਖੇਡ ਦੇ ਮੈਦਾਨ ਬਣਾਏ ਜਾ ਰਹੇ ਹਨ।



# ਮੁਟਿਆਰਾਂ ਵੱਲੋਂ ਮਿਲ ਕੇ ਤੀਆਂ ਦਾ ਤਿਉਹਾਰ ਬੜੀ ਧੂਮ-ਧਾਮ ਨਾਲ ਮਨਾਇਆ ਗਿਆ- ਸੁਰਿੰਦਰ ਕੌਰ ਸ਼ੇਰਗਿੱਲ

ਜੇ ਕੇ ਬੱਤਾ ਖਰੜ, ਮੁਟਿਆਰਾਂ ਵੱਲੋਂ ਮਿਲਕੇ ਕੁਰਾਲੀ ਚ ਮਨਾਇਆ ਤੀਆਂ ਦਾ ਤਿਉਹਾਰ ਅੱਜ ਸਥਾਨਕ ਸ਼ਹਿਰ ਵਿੱਚ ਮੁਟਿਆਰਾਂ ਵੱਲੋਂ ਮਿਲ ਕੇ ਤੀਆਂ ਦਾ ਤਿਉਹਾਰ ਬੜੀ ਧੂਮ-ਧਾਮ ਨਾਲ ਮਨਾਇਆ ਗਿਆ।ਇਸ ਮੌਕੇ ਇਕੱਤਰ ਹੋਈਆਂ ਕੁੜੀਆਂ ਵੱਲੋਂ ਸਭ ਤੋਂ ਪਹਿਲਾਂ ਪੰਜਾਬੀ ਵਿਰਸੇ ਨੂੰ ਦਰਸਾਉਂਦੇ ਸਜਾਵਟ ਕੀਤੀ ਗਈ। ਅਤੇ ਫਿਰ ਮਿਲ ਕੇ ਖੂਬ ਗਿੱਧਾ ਪਾਇਆ ਗਿਆ। ਸੁਰਿੰਦਰ ਕੌਰ ਸ਼ੇਰਗਿੱਲ ਦੀ ਅਗਵਾਈ ਵਿੱਚ ਕਰਵਾਏ ਗਏ ਇਸ ਤੀਆਂ ਦੇ ਪ੍ਰੋਗਰਾਮ ਮੌਕੇ ਮੁੱਖ ਮਹਿਮਾਨ ਦੇ ਤੌਰ ਤੇ ਪਹੁੰਚੇ ਕਾਂਗਰਸੀ ਆਗੂ ਗੁਰਪ੍ਰਤਾਪ ਸਿੰਘ ਪਡਿਆਲਾ ਜਨਰਲ ਸਕੱਤਰ (ਪੰਜਾਬ ਕਿਸਾਨ ਕਾਂਗਰਸ) ਵੱਲੋਂ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰਦਿਆਂ ਰੀਬਨ ਕੱਟ ਕੇ ਤੀਆਂ ਦੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਇਕੱਤਰ ਹੋਈਆਂ ਮੁਟਿਆਰਾਂ ਵੱਲੋਂ ਮਿਲ ਕੇ ਗੁਰਪ੍ਰਤਾਪ ਸਿੰਘ ਪਡਿਆਲਾ ਦਾ ਸਨਮਾਨ ਵੀ



ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੁਰ ਪ੍ਰਤਾਪ ਸਿੰਘ ਪਡਿਆਲਾ ਨੇ ਕਿਹਾ ਕਿ ਪੰਜਾਬ ਦੇ ਅਮੀਰ ਵਿਰਸੇ ਨੂੰ ਦਰਸਾਉਂਦਾ ਤੀਆਂ ਦਾ ਤਿਉਹਾਰ ਜਿਸ ਨੂੰ ਭੈਣਾਂ ਬੜੀ ਬੇਸਬਰੀ ਨਾਲ ਉਡੀਕਦੀਆਂ ਹਨ ਅਤੇ ਤੀਆਂ ਦੇ ਤਿਹਾਰ ਮੌਕੇ ਇੱਕ ਦੂਜੇ ਨੂੰ ਮਿਲ ਕੇ ਆਪਣੇ ਦੁੱਖ ਸੁੱਖ ਸਾਂਝੀਆਂ ਕਰਦੀਆਂ ਹਨ ਅਤੇ ਆਪਣੇ ਮਨ ਪਰਚਾਵੇ ਲਈ ਗਿੱਧਾ, ਬੋਲੀਆਂ ਪਾਉਦੀਆਂ ਅਤੇ ਹੋਰ ਕਈ ਕਾਰਜ ਕਰਦੀਆਂ ਹਨ ਉਹਨਾਂ ਕਿਹਾ ਹੈ ਕਿ ਭੈਣਾਂ ਵੱਲੋਂ ਧੀਆਂ ਦੇ ਪ੍ਰੋਗਰਾਮ ਦੀ ਖੁਦ ਤਿਆਰੀ ਅਤੇ ਸਜਾਵਟ ਕੀਤੀ ਗਈ ਹੈ। ਇਸ ਲਈ ਤੀਆਂ ਦੇ ਪ੍ਰੋਗਰਾਮ ਉਹ ਬੇਹਦ ਸ਼ਲਾਘਾ ਕਰਦੇ ਹਨ।

# ਬੀ.ਆਈ.ਐਸ. ਵੱਲੋਂ ਜਲੰਧਰ ਦੇ ਜ਼ਿਲ੍ਹਾ ਅਧਿਕਾਰੀਆਂ ਲਈ ਜਾਗਰੂਕਤਾ ਪ੍ਰੋਗਰਾਮ

ਜਲੰਧਰ, (ਲੋਕ ਬਾਣੀ)-ਭਾਰਤੀ ਮਾਣਕ ਬਿਊਰੋ (ਬੀ.ਆਈ.ਐਸ.), ਜੰਮੂ ਅਤੇ ਕਸ਼ਮੀਰ ਬ੍ਰਾਂਚ ਦਫ਼ਤਰ ਵੱਲੋਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਅਧਿਕਾਰੀਆਂ ਲਈ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਹੋਏ ਪ੍ਰੋਗਰਾਮ ਦੀ ਪ੍ਰਧਾਨਗੀ ਐੱਸ.ਡੀ.ਐੱਮ. ਆਦਮਪੁਰ ਵਿਵੇਕ ਕੁਮਾਰ ਮੋਦੀ (ਵਾਧੂ ਚਾਰਜ ਵਧੀਕ ਡਿਪਟੀ ਕਮਿਸ਼ਨਰ ਪੇਂਡੂ ਵਿਕਾਸ) ਵੱਲੋਂ ਕੀਤੀ ਗਈ। ਉਨ੍ਹਾਂ ਬੀ.ਆਈ.ਐਸ. ਦੀ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਜਨਤਕ ਸੇਵਾਵਾਂ ਅਤੇ ਬੁਨਿਆਦੀ ਢਾਂਚੇ ਦੀ ਗੁਣਵੱਤਾ ਅਤੇ ਸੁਰੱਖਿਆ ’ਚ ਵਾਧਾ ਕਰਨ ਲਈ ਭਾਰਤੀ ਮਾਣਕਾਂ ਦੀ ਪਾਲਣਾ ਕਰਨ ਦੀ ਮਹੱਤਤਾ ’ਤੇ ਜ਼ੋਰ ਦਿੱਤਾ।



ਬੀ.ਆਈ.ਐਸ. ਜੰਮੂ-ਕਸ਼ਮੀਰ ਬ੍ਰਾਂਚ ਦੇ ਡਾਇਰੈਕਟਰ ਅਤੇ ਮੁਖੀ ਤਿਲਕ ਰਾਜ ਨੇ ਭਾਗੀਦਾਰਾਂ ਨੂੰ ਸੰਬੋਧਨ ਕਰਦਿਆਂ ਮਾਨਕੀਕਰਨ, ਗੁਣਵੱਤਾ ਭਰੋਸਾ ਅਤੇ ਖਪਤਕਾਰ ਸੁਰੱਖਿਆ, ਖਾਸ ਕਰ ਜਨਤਕ ਉਪਯੋਗਤਾ ਸੇਵਾਵਾਂ ਵਿੱਚ, ਨੂੰ ਉਤਸ਼ਾਹਿਤ ਕਰਨ ਵਿੱਚ ਬੀ.ਆਈ.ਐਸ. ਦੀ ਮਹੱਤਵਪੂਰਣ ਭੂਮਿਕਾ ’ਤੇ ਚਾਨਣਾ ਪਾਇਆ। ਉਨ੍ਹਾਂ ਬਿਹਤਰ ਸੇਵਾਵਾਂ ਪ੍ਰਦਾਨ ਕਰਨ, ਖਪਤਕਾਰ ਸੁਰੱਖਿਆ ਅਤੇ ਗੁਣਵੱਤਾ-ਆਧਾਰਤ ਖ਼ਰੀਦ ਅਭਿਆਸਾਂ ਲਈ ਜ਼ਿਲ੍ਹਾ-ਪੱਧਰੀ ਅਧਿਕਾਰੀਆਂ ਦੀ ਤਕਨੀਕੀ ਸਮਰੱਥਾ ਵਧਾਉਣ ਵਿੱਚ ਇਸ ਸਮਰੱਥਾ ਨਿਰਮਾਣ ਪਹਿਲਕਦਮੀ ਦੀ ਅਹਿਮੀਅਤ ’ਤੇ ਜ਼ੋਰ ਦਿੱਤਾ।

# ਐੱਸ ਐੱਸ ਐਮ ਕਾਲਜ ਦੇ ਵਿਦਿਆਰਥੀਆਂ ਨੇ ਮੈਰਿਟ ਲਿਸਟ ਦੀ ਸੂਚੀ ਵਿੱਚ ਸਥਾਨ ਹਾਸਲ ਕੀਤਾ

ਦੀਨਾਨਗਰ (ਡਾ.ਰਮੇਸ਼ ਸਰੰਗਲ ) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਐਲਾਨੇ ਗਏ ਨਤੀਜ਼ੇ ਵਿੱਚ ਐੱਸ ਐੱਸ ਐਮ ਕਾਲਜ ਦੀਨਾਨਗਰ ਦਾ ਨਤੀਜਾ ਸ਼ਾਨਦਾਰ ਰਿਹਾ। ਜਿਸ ਵਿੱਚ ਕਾਲਜ ਦੇ ਵਿਦਿਆਰਥੀ ਸੰਜੀਵ ਕੁਮਾਰ ਨੇ 76.41 ਅੰਕ ਪ੍ਰਾਪਤ ਕਰ ਕੇ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿੱਚ 37ਵਾਂ ਸਥਾਨ, ਪੂਰਨਿਮਾ ਬਿਦਾਂਚੀ ਨੇ 75.95 ਅੰਕ ਲੈ ਕੇ ਮੈਰਿਟ ਸੂਚੀ ਵਿੱਚ 43ਵਾ ਅਤੇ ਮਾਨਸੀ ਨੇ 75.25 ਅੰਕ ਲੈ ਕੇ ਮੈਰਿਟ ਸੂਚੀ ਵਿੱਚ 57ਵਾ ਸਥਾਨ ਹਾਸਲ ਕਰ ਕੇ ਕਾਲਜ਼ ਦਾ ਨਾਮ ਰੌਸ਼ਨ ਕੀਤਾ ਹੈ। ਪ੍ਰਿੰਸੀਪਲ ਡਾ. ਆਰ ਕੇ ਤੁਲੀ ਨੇ ਵਿਦਿਆਰਥੀਆਂ ਦੇ ਵਧੀਆ ਨਤੀਜ਼ੇ ਲਈ, ਅਧਿਆਪਕਾਂ, ਮਾਪਿਆਂ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਹਨਾਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਤੇ ਪ੍ਰੋਫੈਸਰ ਸੁਬੀਰ ਰਗਬੋਤਰਾ, ਪ੍ਰੋਫੈਸਰ ਸੁਸ਼ਮਾ, ਪ੍ਰੋਫੈਸਰ ਕੰਵਲਜੀਤ ਕੌਰ, ਪ੍ਰੋਫੈਸਰ ਅਮਰਪ੍ਰੀਤ ਕੌਰ, ਪ੍ਰੋਫੈਸਰ ਰਮਨਜੀਤ ਕੌਰ,ਪ੍ਰੋਫੈਸਰ ਮੋਨਿਕਾ, ਪ੍ਰੋਫੈਸਰ ਅਲਕਾ ਅਤੇ ਪ੍ਰੋਫੈਸਰ ਦੀਪਿਕਾ ਹਾਜਰ ਸਨ।



# ਚੰਡੀਗੜ੍ਹ ਨੇ ਸਵੱਛ ਸਰਵੇਖਣ 2024-25 ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ, ਪਰ ਸਰੋਤ ਵਿਭਾਜਨ ਵਿੱਚ ਤੇਜ਼ੀ ਨਾਲ ਗਿਰਾਵਟ ’ਤੇ ਚਿੰਤਾ

ਚੰਡੀਗੜ੍ਹ (ਲੋਕ ਬਾਣੀ)-ਅੱਜ ਸੰਸਦ ਮੈਂਬਰ ਸ਼੍ਰੀ ਮਨੀਸ਼ ਤਿਵਾੜੀ ਦੁਆਰਾ ਸੰਸਦ ਵਿੱਚ ਪੁੱਛੇ ਗਏ ਅਣ-ਤਾਰਾਬੱਧ ਪ੍ਰਸ਼ਨ ਨੰਬਰ 3170 ਦੇ ਜਵਾਬ ਵਿੱਚ, ਭਾਰਤ ਸਰਕਾਰ ਦੇ ਰਿਹਾਇਸ਼ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ਨੇ ਸਵੱਛ ਸਰਵੇਖਣ ਵਿੱਚ ਚੰਡੀਗੜ੍ਹ ਦੇ ਪ੍ਰਦਰਸ਼ਨ ਬਾਰੇ ਵਿਸਤ੍ਰਿਤ ਜਾਣਕਾਰੀ ਪੇਸ਼ ਕੀਤੀ। ਚੰਡੀਗੜ੍ਹ ਨੇ ਸਵੱਛ ਸਰਵੇਖਣ 2024-25 ਦੀ ‘ਸੁਪਰ ਸਵੱਛ ਲੀਗ’ ਸ਼੍ਰੇਣੀ ਵਿੱਚ ਦੇਸ਼ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਹੈ, ਜੋ ਕਿ 3 ਤੋਂ 10 ਲੱਖ ਦੀ ਆਬਾਦੀ ਦੀ ਸ਼੍ਰੇਣੀ ਵਿੱਚ ਇੱਕ ਮਹੱਤਵਪੂਰਨ ਪ੍ਰਾਪਤੀ ਹੈ। ਹਾਲਾਂਕਿ, ਇਹ ਧਿਆਨ ਦੇਣ ਯੋਗ ਹੈ ਕਿ ਸਰੋਤ ਵੱਖ ਕਰਨ ਦੇ ਮਾਪਦੰਡ ਵਿੱਚ, ਇਹ 2024-25 ਵਿੱਚ ਸਿਰਫ 14% ਰਹਿ ਗਿਆ ਹੈ ਜਦੋਂ ਕਿ 2023 ਵਿੱਚ ਇਹ 100% ਪ੍ਰਦਰਸ਼ਨ ਸੀ।

ਸਰਕਾਰ ਦੁਆਰਾ ਪੇਸ਼ ਕੀਤੇ ਗਏ ਅੰਕੜਿਆਂ ਅਨੁਸਾਰ:

* ਘਰ-ਘਰ ਕੂੜਾ ਇਕੱਠਾ ਕਰਨਾ: 93%
* ਰਹਿੰਦ-ਖੂੰਹਦ ਪੈਦਾ ਕਰਨਾ ਬਨਾਮ ਪ੍ਰੋਸੈਸਿੰਗ: 100%
* ਸਰੋਤ ਵੱਖ ਕਰਨਾ: 14%
* ਕੂੜਾ-ਮੁਕਤ ਸ਼ਹਿਰ (763) ਰੇਟਿੰਗ: 3 ਸਟਾਰ

ਪਿਛਲੇ ਸਾਲਾਂ ਦੇ ਮੁਕਾਬਲੇ ਚੰਡੀਗੜ੍ਹ ਦਾ ਪ੍ਰਦਰਸ਼ਨ:

* 2023: ਸਰੋਤ ਵੱਖ ਕਰਨਾ 100%
* 2022: ਸਰੋਤ ਵੱਖ ਕਰਨਾ 94%
* 2024-25: ਘਟਾ ਕੇ 14% ਕਰ ਦਿੱਤਾ ਗਿਆ

ਮੰਤਰਾਲੇ ਨੇ ਦੱਸਿਆ ਕਿ ਨਾਗਰਿਕਾਂ ਦੀ ਭਾਗੀਦਾਰੀ, ਜਨ ਅੰਦੋਲਨਾਂ ਅਤੇ ਵਿਵਹਾਰਕ ਤਬਦੀਲੀਆਂ ਨੂੰ ਮਜ਼ਬੂਤ ਕਰਨ ਲਈ ਰਾਜਾਂ/ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੱਡੇ ਪੱਧਰ ’ਤੇ ਨਾਗਰਿਕ ਪਹੁੰਚ ਪ੍ਰੋਗਰਾਮ ਚਲਾਏ ਜਾ ਰਹੇ ਹਨ। ਇਸ ਦੇ ਨਾਲ ਹੀ, ਰਾਜਾਂ ਅਤੇ ਨਗਰ ਨਿਗਮਾਂ ਵਿੱਚ ਸਮਰੱਥਾ ਨਿਰਮਾਣ ਅਤੇ ਸਫਲਤਾ ਦੀਆਂ ਕਹਾਣੀਆਂ ਦੇ ਪ੍ਰਸਾਰ ਰਾਹੀਂ ਕੂੜਾ ਪ੍ਰਬੰਧਨ ਅਭਿਆਸਾਂ ਵਿੱਚ ਸੁਧਾਰ ਕੀਤਾ ਜਾ ਰਿਹਾ ਹੈ। ਸ਼੍ਰੀ ਮਨੀਸ਼ ਤਿਵਾੜੀ ਨੇ ਇਸ ਗਿਰਾਵਟ ’ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਅਤੇ ਪ੍ਰਸ਼ਾਸਨ ਤੋਂ ਜਵਾਬਦੇਹੀ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸਫਾਈ ਮੁਹਿੰਮ ਸਿਰਫ ਦਰਜਾਬੰਦੀ ਤੱਕ ਸੀਮਤ ਨਹੀਂ ਹੋਣੀ ਚਾਹੀਦੀ ਬਲਕਿ ਜ਼ਮੀਨੀ ਪੱਧਰ ’ਤੇ ਸੁਧਾਰ ਅਤੇ ਟਿਕਾਊ ਤਬਦੀਲੀ ਦੀ ਲੋੜ ਹੈ।

# ਅੰਮ੍ਰਿਤਸਰ ਵਿੱਚ ਸਰਹੱਦ ਪਾਰੋਂ ਚਲਾਏ ਜਾ ਰਹੇ ਹਥਿਆਰ ਤਸਕਰੀ ਨੈੱਟਵਰਕ ਦਾ ਪਰਦਾਫਾਸ਼,7 ਪਿਸਤੌਲਾਂ ਸਮੇਤ ਚਾਰ ਗ੍ਰਿਫ਼ਤਾਰ

ਅੰਮ੍ਰਿਤਸਰ, (ਲੋਕ ਬਾਣੀ)- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਪੁਖ਼ਤਾ ਖੁਫੀਆ ਇਤਲਾਹ ’ਤੇ ਕਾਰਵਾਈ ਕਰਦਿਆਂ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਸਰਹੱਦ ਪਾਰੋਂ ਹੋ ਰਹੀ ਹਥਿਆਰ ਤਸਕਰੀ ਵਿੱਚ ਸ਼ਾਮਲ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਸੱਤ ਅਤਿ-ਆਧੁਨਿਕ ਪਿਸਤੌਲ ਬਰਾਮਦ ਕੀਤੇ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਵੀਰਵਾਰ ਨੂੰ ਇੱਥੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅੰਮ੍ਰਿਤਸਰ ਦੇ ਪਿੰਡ ਦਾਓਕੇ ਦੇ ਰਹਿਣ ਵਾਲੇ ਅਕਾਸ਼ਦੀਪ ਸਿੰਘ ਉਰਫ਼ ਆਕਾਸ਼ (20), ਅੰਮ੍ਰਿਤਸਰ ਦੇ ਪਿੰਡ ਬਾਘਾ ਕਲਾਂ ਦੇ ਵਸਨੀਕ ਰਮਨਪ੍ਰੀਤ




ਸਿੰਘ (23), ਫਿਰੋਜ਼ਪੁਰ ਦੇ ਪਿੰਡ ਸੁਰ ਸਿੰਘ ਦੇ ਵਸਨੀਕ ਪ੍ਰਤਾਪ ਸਿੰਘ (25) ਅਤੇ ਅੰਮ੍ਰਿਤਸਰ ਦੇ ਦੇਬੀ ਵਾਲਾ ਬਾਜ਼ਾਰ ਦੇ ਵਸਨੀਕ ਸਰਬਜੀਤ ਸਿੰਘ ਉਰਫ਼ ਬੱਬਲ (25) ਵਜੋਂ ਹੋਈ ਹੈ। ਬਰਾਮਦ ਕੀਤੇ ਗਏ ਪਿਸਤੌਲਾਂ ਵਿੱਚ ਦੋ 9ਐਮਐਮ ਪੀਐਕਸ5, ਦੋ 9ਐਮਐਮ ਗਲੌਕ ਅਤੇ ਤਿੰਨ 30 ਬੋਰ ਪਿਸਤੌਲ ਸ਼ਾਮਲ ਹਨ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਪਾਕਿਸਤਾਨ ਸਥਿਤ ਤਸਕਰਾਂ ਦੇ ਸੰਪਰਕ ਵਿੱਚ ਸਨ ਅਤੇ ਭਾਰਤ-ਪਾਕਿ ਸਰਹੱਦ ਨੇੜੇ ਗੈਰ-ਕਾਨੂੰਨੀ ਹਥਿਆਰਾਂ ਦੀ ਖੇਪ ਪ੍ਰਾਪਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਸਰਹੱਦੀ ਪਿੰਡਾਂ ਤੋਂ ਕੰਮ ਕਰ ਰਹੇ ਸਨ ਅਤੇ ਸੂਬੇ ਵਿੱਚ ਗੈਂਗਸਟਰਾਂ ਨੂੰ ਹਥਿਆਰ ਸਪਲਾਈ ਕਰਦੇ ਸਨ।

# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਮੁਕਤਸਰ ਸਾਹਿਬ ਵੱਲੋਂ ਜ਼ਿਲ੍ਹਾ ਪੱਧਰੀ ਕਲਾ ਉਤਸਵ ਮੁਕਾਬਲੇ 2025-26 ਕਰਵਾਏ ਗਏ

ਸ੍ਰੀ ਮੁਕਤਸਰ ਸਾਹਿਬ- ਜਸਵਿੰਦਰ ਪਾਲ ਸ਼ਰਮਾ - ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਵਿਖੇ ਮਾਨਯੋਗ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀ ਜਸਪਾਲ ਮੋਂਗਾ, ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਸ੍ਰੀ ਰਾਜਿੰਦਰ ਸੋਨੀ, ਕਲਾ ਉਤਸਵ ਨੋਡਲ ਅਫਸਰ ਸ੍ਰੀ ਪ੍ਰਵੀਨ ਕੁਮਾਰ ਸ਼ਰਮਾ ਅਤੇ ਸਹਾਇਕ ਨੋਡਲ ਅਫ਼ਸਰ ਸ੍ਰੀ ਦੀਪਕ ਅਰੋੜਾ ਜੀ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਕਲਾ ਉਤਸਵ ਮੁਕਾਬਲੇ 2025-26 ਕਰਵਾਏ ਗਏ। ਇਹਨਾਂ ਮੁਕਾਬਲਿਆਂ ਦੇ ਪ੍ਰਬੰਧਕ ਸ੍ਰੀਮਤੀ ਡਿੰਪਲ ਵਰਮਾ ਮੁੱਖ ਅਧਿਆਪਕਾ, ਕਿਰਨ ਨਰੂਲਾ ਲੈਕਚਰਾਰ ਕਾਮਰਸ, ਪ੍ਰੀਤਮ ਸਿੰਘ ਮੁੱਖ ਅਧਿਆਪਕ, ਤੇਜਿੰਦਰਪਾਲ ਸਿੰਘ ਕੰਪਿਊਟਰ ਅਧਿਆਪਕ, ਅਤੁਲ ਕੁਮਾਰ ਮੁੱਖ ਅਧਿਆਪਕ ਅਤੇ ਪ੍ਰਦੀਪ ਕੁਮਾਰ ਮੁੱਖ ਅਧਿਆਪਕ ਰਹੇ । ਇਹਨਾਂ ਮੁਕਾਬਲਿਆਂ ਵਿੱਚ ਬੀ.ਆਰ.ਸੀ ਹਾਲ ਦਫਤਰ ਜ਼ਿਲ੍ਹਾ ਸਿੱਖਿਆ ਅਫਸਰ ਵਿਖੇ ਵੋਕਲ ਮਿਊਜਿਕ ਸੋਲੋ, ਵੋਕਲ ਮਿਊਜਿਕ ਗਰੁੱਪ, ਇੰਸਟਰੂਮੈਂਟਲ ਮਿਊਜਿਕ ਸੋਲੋ ਦੇ ਮੁਕਾਬਲੇ ਕਰਵਾਏ ਗਏ, ਬਾਬਾ ਨਿਹਾਲ ਸਿੰਘ ਬੀਐਡ ਕਾਲਜ ਵਿਖੇ ਡਾਂਸ ਸੋਲੋ ਅਤੇ ਥੀਏਟਰ ਗਰੁੱਪ ਦੇ ਮੁਕਾਬਲੇ ਹੋਏ , ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਸ੍ਰੀ ਮੁਕਤਸਰ ਸਾਹਿਬ ਵਿਖੇ ਵਿਜੁਅਲ ਆਰਟ 2 ਡੀ ਅਤੇ ਵਿਜੁਅਲ ਆਰਟ 3 ਡੀ ਦੇ ਮੁਕਾਬਲੇ ਕਰਵਾਏ ਗਏ। ਹੋਰ ਜਾਣਕਾਰੀ ਦਿੰਦੇ ਹੋਏ ਜਸਵਿੰਦਰ ਪਾਲ ਸ਼ਰਮਾ ਨੇ ਦੱਸਿਆ ਕਿ ਇਹਨਾਂ ਮੁਕਾਬਲਿਆਂ ਵਿੱਚ ਰਜਿਸਟਰੇਸ਼ਨ ਕਮੇਟੀ ਤੇ ਟਾਈਮ ਕੀਪਿੰਗ ਨਵਦੀਪਿਕਾ ਜੈਨ ਲੈਕਚਰਾਰ ਫਿਜਿਕਸ, ਪ੍ਰਿਅੰਕਾ ਚਾਵਲਾ ਲੈਕਚਰਾਰ ਕਾਮਰਸ,



ਅੰਮ੍ਰਿਤਵੀਰ ਕੌਰ ਪੰਜਾਬੀ ਮਿਸਟ ?ੈਸ, ਕਮਲਜੀਤ ਕੌਰ ਸਾਇੰਸ ਮਿਸਟ ?ੈਸ, ਰਾਜਪਾਲ ਸਿੰਘ ਪੰਜਾਬੀ ਮਾਸਟਰ, ਕੁਲਵਿੰਦਰ ਸਿੰਘ ਪੰਜਾਬੀ ਮਾਸਟਰ ਵੱਲੋਂ ਨਿਭਾਈ ਗਈ।

# ਘਰੇਲੂ ਹਿੰਸਾ ਅਤੇ ਮਾਂ ਦੇ ਦੁੱਧ ਦੀ ਮਹੱਤਤਾ ਸੰਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ

ਦੀਨਾਨਗਰ (ਡਾ.ਰਮੇਸ਼ ਸਰੰਗਲ ) ਜਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਅਤੇ ਬਾਲ ਵਿਕਾਸ ਪ੍ਰੋਜੈਕਟ ਅਫਸਰ ਦੋਰਾਂਗਲਾ ਵੱਲੋ ਪਿੰਡ ਭਾਗੋਕਾਵਾਂ ਵਿਖੇ ਘਰੇਲੂ ਹਿੰਸਾ ਅਤੇ ਮਾਂ ਦੇ ਦੁੱਧ ਦੀ ਮਹੱਤਤਾ ਸੰਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਪਿੰਡ ਦੀ ਸਮੂਹ ਪੰਚਾਇਤ, ਔਰਤਾਂ ਅਤੇ ਬਲਾਕ ਦੀ ਆਂਗਣਵਾੜੀ ਵਰਕਰਾਂ ਨੇ ਭਾਗ ਲਿਆ। ਕੈਂਪ ਵਿੱਚ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋ ਹਾਜਰ ਹੋਏ



ਵਕੀਲ ਸਤੀਸ਼ ਕੁਮਾਰ ਵੱਲੋ ਘਰੇਲੂ ਹਿੰਸਾ ਸੰਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ ਅਤੇ ਮਿਲਣ ਵਾਲੀ ਕਾਨੂੰਨੀ ਸਹਾਇਤਾ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਤੇ ਹਾਜਰ ਸ਼ ?ਰੀ ਮਤੀ ਸੁਦੇਸ਼ ਕੁਮਾਰੀ ਸੀਡੀਪੀਓ ਦੋਰਾਂਗਲਾ ਵੱਲੋ ਹਾਜਰ ਵਿਆਕਤੀਆਂ ਨੂੰ ਮਾਂ ਦੇ ਦੁੱਧ ਦੀ ਮਹੱਤਤਾ ਸੰਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਵਾਤਾਵਰਣ ਨੂੰ ਸਾਫ ਰੱਖਣ ਲਈ ਪਿੰਡ ਭਾਗੋਕਾਵਾਂ ਦੇ ਸਰਪੰਚ ਸ਼ ?ਰੀ ਸ਼ੋਭਾ ਸਿੰਘ ਦੀ ਹਾਜਰੀ ਵਿੱਚ ਪੋਧੇ ਵੀ ਲਗਾਏ ਗਏ।

# ਡੀਐਨਏ ਫਿੰਗਰਪ੍ਰਿੰਟਿੰਗ ਦੇ ਪਿਤਾਮਾ ਪਦਮਸ਼੍ਰੀ ਲਾਲਜੀ ਸਿੰਘ ਕੌਣ ਸਨ ?

ਵਿਜੈ ਗਰਗ

ਡੀਐਨਏ ਅਤੇ ਫਿੰਗਰ ਪ੍ਰਿੰਟਿੰਗ ਤਕਨਾਲੋਜੀ ਪਦਮ ਸ਼੍ਰੀ ਪੁਰਸਕਾਰ ਜੇਤੂ ਵਿਗਿਆਨੀ ਲਾਲਜੀ ਸਿੰਘ ਦਾ ਭਾਰਤ ਨੂੰ ਤੋਹਫ਼ਾ ਹੈ। ਡੀਐਨਏ ਅਤੇ ਫਿੰਗਰ ਪ੍ਰਿੰਟਿੰਗ ਤਕਨਾਲੋਜੀ ਪਦਮ ਸ਼੍ਰੀ ਪੁਰਸਕਾਰ ਜੇਤੂ ਵਿਗਿਆਨੀ ਲਾਲਜੀ ਸਿੰਘ ਦਾ ਤੋਹਫ਼ਾ ਹੈ, ਜਿਨ੍ਹਾਂ ਦਾ ਜਨਮ ਅੱਜ ਦੇ ਦਿਨ, 5 ਜੁਲਾਈ 1947 ਨੂੰ ਹੋਇਆ ਸੀ ਅਤੇ 10 ਦਸੰਬਰ 2017 ਨੂੰ 70 ਸਾਲ ਦੀ ਉਮਰ ਵਿੱਚ ਉਨ੍ਹਾਂ ਦਾ ਦੇਹਾਂਤ ਹੋ ਗਿਆ ਸੀ, ਪਰ ਉਨ੍ਹਾਂ ਨੇ ਭਾਰਤ ਨੂੰ ਡੀਐਨਏ, ਪ੍ਰਜਨਨ ਤਕਨਾਲੋਜੀ ਅਤੇ ਨਕਲੀ ਗਰਭਧਾਰਨ ਤਕਨਾਲੋਜੀ ਦੇ ਕੇ ਡਾਕਟਰੀ ਜਗਤ ਵਿੱਚ ਇਤਿਹਾਸ ਰਚਿਆ। ਲਾਲਜੀ ਸਿੰਘ ਨੂੰ ਭਾਰਤੀ ਡੀਐਨਏ ਅਤੇ ਫਿੰਗਰਪ੍ਰਿੰਟਿੰਗ ਦਾ ਪਿਤਾਮਾ ਕਿਹਾ ਜਾਂਦਾ ਹੈ। ਉਨ੍ਹਾਂ ਨੇ ਲਿੰਗ ਨਿਰਧਾਰਨ ਅਣੂਆਂ, ਜੰਗਲੀ ਜੀਵ ਸੰਭਾਲ, ਫੋਰੈਂਸਿਕ ਵਿਗਿਆਨ ਦੇ ਖੇਤਰ ਵਿੱਚ ਵੀ ਕੰਮ ਕੀਤਾ। ਸਾਲ 2004 ਵਿੱਚ, ਉਨ੍ਹਾਂ ਨੂੰ ਭਾਰਤੀ ਵਿਗਿਆਨ ਅਤੇ ਤਕਨਾਲੋਜੀ ਖੇਤਰ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਪਦਮ ਸ਼੍ਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਦਾ ਦੇਹਾਂਤ 10 ਦਸੰਬਰ 2017 ਨੂੰ ਹੋਇਆ। \ ਲਾਲਜੀ ਸਿੰਘ ਦੀਆਂ ਪ੍ਰਾਪਤੀਆਂ ਡਾ. ਲਾਲਜੀ ਸਿੰਘ ਦਾ ਜਨਮ ਉੱਤਰ ਪ੍ਰਦੇਸ਼ ਦੇ ਜੌਨਪੁਰ ਜ਼ਿਲ੍ਹੇ ਦੇ ਕਲਵਾੜੀ ਪਿੰਡ ਵਿੱਚ ਹੋਇਆ ਸੀ। ਉਨ੍ਹਾਂ ਨੇ ਬਨਾਰਸ ਹਿੰਦੂ ਯੂਨੀਵਰਸਿਟੀ (28”) ਤੋਂ ਬੀਐਸਸੀ, ਐਮਐਸਸੀ ਅਤੇ ਪੀਐਚਡੀ ਕੀਤੀ। ਉਨ੍ਹਾਂ ਨੇ ਭਾਰਤ ਵਿੱਚ ਡੀਐਨਏ ਅਤੇ ਫਿੰਗਰਪ੍ਰਿੰਟਿੰਗ ਤਕਨਾਲੋਜੀ ਵਿਕਸਤ ਕੀਤੀ, ਜਿਸਨੇ ਫੋਰੈਂਸਿਕ ਵਿਗਿਆਨ ਅਤੇ ਅਪਰਾਧ ਜਾਂਚ ਨੂੰ ਨਵੀਆਂ ਉਚਾਈਆਂ ’ਤੇ ਪਹੁੰਚਾਇਆ। ਰਾਜੀਵ ਗਾਂਧੀ ਕਤਲ ਕੇਸ, ਨੈਨਾ ਸਾਹਨੀ ਤੰਦੂਰ ਕਤਲ ਕੇਸ, ਬੇਅੰਤ ਸਿੰਘ ਕਤਲ ਕੇਸ ਵਰਗੇ ਹਾਈ ਪ੍ਰੋਫਾਈਲ ਕੇਸ ਇਸ ਤਕਨਾਲੋਜੀ ਦੀ ਮਦਦ ਨਾਲ ਹੱਲ ਕੀਤੇ ਗਏ ਸਨ ਅਤੇ ਅੱਜ ਦੇਸ਼ ਭਰ ਵਿੱਚ ਆਧਾਰ ਕਾਰਡ ਬਣਾਉਣ ਲਈ ਫਿੰਗਰ ਪ੍ਰਿੰਟਿੰਗ ਤਕਨਾਲੋਜੀ ਦੀ ਵਰਤੋਂ ਕੀਤੀ ਜਾ ਰਹੀ ਹੈ। ਸਰਕਾਰ ਫਿੰਗਰ ਪ੍ਰਿੰਟਿੰਗ ਰਾਹੀਂ ਭਾਰਤੀਆਂ ਦੇ ਰਿਕਾਰਡ ਨੂੰ ਸੰਭਾਲ ਰਹੀ ਹੈ। ਮੈਡੀਕਲ ਸਾਇੰਸ ਦੀ ਦੁਨੀਆ ਵਿੱਚ ਯੋਗਦਾਨ ਪਾਉਂਦੇ ਹੋਏ, ਲਾਲਜੀ ਸਿੰਘ ਨੇ 1995 ਵਿੱਚ ਹੈਦਰਾਬਾਦ ਵਿੱਚ ਡੀਐਨਏ ਫਿੰਗਰਪ੍ਰਿੰਟਿੰਗ ਅਤੇ ਡਾਇਗਨੌਸਟਿਕਸ ਸੈਂਟਰ (ਸੀਡੀਐਫਡੀ) ਖੋਲ੍ਹਿਆ। 1998 ਵਿੱਚ, ਉਸਨੇ ਜੰਗਲੀ ਜੀਵ ਸੰਭਾਲ ਜਾਂਚ ਲਈ ਖ਼ਤਰੇ ਵਿੱਚ ਪਈਆਂ ਪ੍ਰਜਾਤੀਆਂ ਦੀ ਸੰਭਾਲ ਲਈ ਪ੍ਰਯੋਗਸ਼ਾਲਾ (ਐਲਏਸੀਓਐਨਐਸ) ਦੀ ਸਥਾਪਨਾ ਕੀਤੀ। 2004 ਵਿੱਚ, ਉਸਨੇ



ਆਪਣੇ ਜੱਦੀ ਪਿੰਡ ਵਿੱਚ ਜੀਨੋਮ ਫਾਊਂਡੇਸ਼ਨ ਖੋਲ੍ਹੀ, ਜਿਸਦਾ ਉਦੇਸ਼ ਪਿੰਡਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਜੈਨੇਟਿਕ ਬਿਮਾਰੀਆਂ ਦਾ ਇਲਾਜ ਪ੍ਰਦਾਨ ਕਰਨਾ ਹੈ। ਉਸਨੇ ਜੀਨੋਮ-ਅਧਾਰਤ ਵਿਅਕਤੀਗਤ ਦਵਾਈ ਦਾ ਸੰਕਲਪ ਦਿੱਤਾ, ਜੋ ਭਵਿੱਖ ਦੀਆਂ ਬਿਮਾਰੀਆਂ ਦੀ ਪਛਾਣ ਕਰਨ ਅਤੇ ਇਲਾਜ ਕਰਨ ਲਈ ਜ਼ਰੂਰੀ ਹੈ। ਲਾਲਜੀ ਸਿੰਘ ਦੇ 50 ਤੋਂ ਵੱਧ ਖੋਜ ਪੱਤਰ ਪ੍ਰਕਾਸ਼ਿਤ ਹੋਏ। ਉਹ 2011 ਤੋਂ 2014 ਤੱਕ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਰਹੇ। ਵਾਈਸ ਚਾਂਸਲਰ ਵਜੋਂ, ਉਨ੍ਹਾਂ ਨੇ ਸਿਰਫ਼ ਇੱਕ ਰੁਪਏ ਦੀ ਤਨਖਾਹ ਲਈ। ਉਨ੍ਹਾਂ ਨੇ 1987 ਵਿੱਚ ਹੈਦਰਾਬਾਦ ਵਿੱਚ ਸੈਂਟਰ ਫਾਰ ਸੈਲੂਲਰ ਐਂਡ ਮੋਲੀਕਿਊਲਰ ਬਾਇਓਲੋਜੀ (33$2) ਨਾਲ ਆਪਣਾ ਵਿਗਿਆਨਕ ਜੀਵਨ ਸ਼ੁਰੂ ਕੀਤਾ। ਉਨ੍ਹਾਂ ਦੁਆਰਾ ਸਥਾਪਿਤ ਜੀਨੋਮ ਫਾਊਂਡੇਸ਼ਨ ਅਤੇ ਡੀਐਨਏ ਫਿੰਗਰਪ੍ਰਿੰਟਿੰਗ ਤਕਨਾਲੋਜੀ ਨੇ ਭਾਰਤ ਵਿੱਚ ਵਿਗਿਆਨਕ ਖੋਜ ਨੂੰ ਨਵੀਆਂ ਉਚਾਈਆਂ ’ਤੇ ਪਹੁੰਚਾਇਆ ਹੈ। ਉਸਨੇ ਤਕਨਾਲੋਜੀ ਦੀ ਕਾਢ ਕਿਵੇਂ ਕੱਢੀ ? 1968 ਵਿੱਚ, ਜਦੋਂ ਉਹ ਆਪਣੀ ਐਮਐਸਸੀ ਕਰ ਰਿਹਾ ਸੀ, ਤਾਂ ਉਸਨੂੰ ਭਾਰਤ ਵਿੱਚ ਪਾਏ ਜਾਣ ਵਾਲੇ ਸੱਪਾਂ ਦੇ ਸਾਈਟੋਜੈਨੇਟਿਕਸ ਦਾ ਅਧਿਐਨ ਕਰਨ ਵਿੱਚ ਦਿਲਚਸਪੀ ਸੀ।



ਉਸਨੇ ਸੱਪਾਂ ਦੀ ਇੱਕ ਪ੍ਰਜਾਤੀ, ਬੈਂਡੇਡ ਕ੍ਰੇਟ ਵਿੱਚ ਸੈਕਸ ਕ੍ਰੋਮੋਸੋਮ ਦਾ ਵੀ ਅਧਿਐਨ ਕੀਤਾ। ਇਸ ਅਧਿਐਨ ਦੌਰਾਨ, ਉਸਨੂੰ ਡੀਐਨਏ ਸੀਕੁਐਂਸ ਮਿਲੇ, ਜਿਸਨੂੰ ਉਸਨੇ ਬੈਂਡੇਡ ਕ੍ਰੇਟ ਮਾਈਨਰ (ਬੀਕੇਐਮ) ਸੀਕੁਐਂਸ ਦਾ ਨਾਮ ਦਿੱਤਾ। ਜਦੋਂ ਉਸਨੇ ਡੀਐਨਏ ’ਤੇ ਹੋਰ ਖੋਜ ਕੀਤੀ, ਤਾਂ ਉਸਨੂੰ ਇਹ ਜਾਨਵਰਾਂ ਦੀਆਂ ਕਈ ਕਿਸਮਾਂ ਵਿੱਚ ਮਿਲਿਆ ਅਤੇ ਮਨੁੱਖਾਂ ਵਿੱਚ ਕਈ ਰੂਪਾਂ ਵਿੱਚ ਇਸਦੀ ਮੌਜੂਦਗੀ ਦਾ ਪਤਾ ਲੱਗਿਆ। 1987 ਤੋਂ 1988 ਤੱਕ ਹੈਦਰਾਬਾਦ ਵਿੱਚ ਸੈਂਟਰ ਫਾਰ ਸੈਲੂਲਰ ਐਂਡ ਮੋਲੀਕਿਊਲਰ ਬਾਇਓਲੋਜੀ (ਸੀਸੀਐਮਬੀ) ਵਿੱਚ ਖੋਜ ਕਰਦੇ ਹੋਏ, ਉਸਨੂੰ ਪਤਾ ਲੱਗਾ ਕਿ ਫੋਰੈਂਸਿਕ ਟੈਸਟਾਂ ਲਈ ਡੀਐਨਏ ਮੈਚਿੰਗ ਲਈ ਨਮੂਨੇ ਅਤੇ ਫਿੰਗਰਪ੍ਰਿੰਟ ਲਏ ਜਾ ਸਕਦੇ ਹਨ। 1988 ਵਿੱਚ, ਮਾਪਿਆਂ ਨਾਲ ਸਬੰਧਤ ਵਿਵਾਦਾਂ ਨੂੰ ਹੱਲ ਕਰਨ ਲਈ ਪਹਿਲੀ ਵਾਰ ਤਕਨਾਲੋਜੀ ਦੀ ਵਰਤੋਂ ਕੀਤੀ ਗਈ।

**ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ**
**ਐਜੂਕੇਸ਼ਨਲ ਕਾਲਮਨਵੀਸ਼ ਮਲੋਟ ਪੰਜਾਬ**

# ਵਿਆਹ ਦੀਆਂ ਪਰੰਪਰਾਵਾਂ : ਇਤਿਹਾਸ ਤੋਂ ਆਧੁਨਿਕਤਾ ਤੱਕ

**ਵਿਜੈ ਗਰਗ**

ਭਾਵੇਂ ਇਹ ਬਹੁ-ਵਿਆਹ ਹੋਵੇ ਜਾਂ ਬਹੁ-ਪਤੀ, ਦੋਵਾਂ ਪ੍ਰਣਾਲੀਆਂ ਨੂੰ ਸਮਝਣ ਲਈ ਇਤਿਹਾਸਕ, ਸਮਾਜਿਕ ਅਤੇ ਸੱਭਿਆਚਾਰਕ ਦ੍ਰਿਸ਼ਟੀਕੋਣਾਂ ਵਿੱਚ ਡੂੰਘਾਈ ਨਾਲ ਜਾਣਾ ਜ਼ਰੂਰੀ ਹੈ। ਮਨੁੱਖ ਇੱਕ ਸਮਾਜਿਕ ਜਾਨਵਰ ਹੈ, ਇਹ ਇੱਕ ਸਰਵਵਿਆਪੀ ਅਤੇ ਸਰਵਵਿਆਪੀ ਤੌਰ 'ਤੇ ਸਵੀਕਾਰਿਆ ਗਿਆ ਸੱਚ ਹੈ। ਸਮਾਜ ਵੱਖ-ਵੱਖ ਕਿਸਮਾਂ ਦੇ ਸਮਾਜਿਕ ਸਬੰਧਾਂ ਦੀ ਇੱਕ ਗੁੰਝਲਦਾਰ ਬਣਤਰ ਹੈ ਜਿਸ ਵਿੱਚ ਸਮਾਜ ਸ਼ਾਸਤਰੀਆਂ ਨੇ ਪਰਿਵਾਰ ਨੂੰ ਇੱਕ ਬੁਨਿਆਦੀ ਅਤੇ ਮਹੱਤਵਪੂਰਨ ਸੰਸਥਾ ਵਜੋਂ ਪਰਿਭਾਸ਼ਿਤ ਕੀਤਾ ਹੈ। ਪਰਿਵਾਰ ਨੂੰ ਇੱਕ ਸੰਸਥਾ ਵਜੋਂ ਸਵੀਕਾਰ ਕਰਨਾ ਇੱਕ ਬਿਹਤਰ, ਮਜ਼ਬੂਤ ਅਤੇ ਸੱਭਿਅਕ ਸਮਾਜ ਦੇ ਨਿਰਮਾਣ ਵਿੱਚ ਇਸਦੀ ਭੂਮਿਕਾ ਨੂੰ ਰੇਖਾਂਕਿਤ ਕਰਦਾ ਹੈ। ਮਨੁੱਖ ਆਪਣੀ ਸ਼ੁਰੂਆਤੀ ਸਮਾਜਿਕ ਸਿੱਖਿਆ ਪਰਿਵਾਰ ਤੋਂ ਹੀ ਪ੍ਰਾਪਤ ਕਰਦਾ ਹੈ ਅਤੇ ਇਸੇ ਲਈ ਮਾਂ ਨੂੰ ਪਹਿਲਾ ਗੁਰੂ ਕਿਹਾ ਗਿਆ ਹੈ। ਇਸ ਸਮਾਜਿਕ ਬਣਤਰ ਵਿੱਚ, ਵਿਆਹ ਨੂੰ ਇੱਕ ਮਹੱਤਵਪੂਰਨ ਸੰਸਥਾ ਵਜੋਂ ਵੀ ਦੇਖਿਆ ਗਿਆ ਹੈ, ਜੋ ਇੱਕ ਵਿਅਕਤੀ ਨੂੰ ਸਮਾਜਿਕ ਜੀਵਨ ਵਿੱਚ ਪ੍ਰਵੇਸ਼ ਕਰਨ ਲਈ ਇੱਕ ਮਾਧਿਅਮ ਪ੍ਰਦਾਨ ਕਰਦਾ ਹੈ। ਵਿਆਹ ਦਾ ਮੂਲ ਉਦੇਸ਼ ਪ੍ਰਜਨਨ ਅਤੇ ਪਰਿਵਾਰ ਦੀ ਸਥਾਪਨਾ ਹੈ। ਇਸ ਤਰ੍ਹਾਂ, ਵਿਆਹ ਸਮਾਜ ਦੀ ਇੱਕ ਜ਼ਰੂਰੀ ਇਕਾਈ ਹੈ ਜੋ ਪਰਿਵਾਰ ਦੀ ਸੰਸਥਾ ਦੀ ਨੀਂਹ ਰੱਖਦੀ ਹੈ। ਵਿਆਹ ਅਤੇ ਪਰਿਵਾਰ ਦੀਆਂ ਧਾਰਨਾਵਾਂ ਸਮੇਂ, ਸਮੇਂ ਅਤੇ ਹਾਲਾਤਾਂ ਅਨੁਸਾਰ ਲਗਾਤਾਰ ਬਦਲਦੀਆਂ ਰਹੀਆਂ ਹਨ। ਇੱਕ ਸਮੇਂ ਵਿੱਚ ਪ੍ਰਚਲਿਤ ਸੰਯੁਕਤ ਅਤੇ ਸੰਗਠਿਤ ਪਰਿਵਾਰ ਦੀ ਪਰੰਪਰਾ ਹੁਣ ਹੌਲੀ-ਹੌਲੀ ਇੱਕ ਪ੍ਰਮਾਣੂ ਪਰਿਵਾਰ ਵਿੱਚ ਬਦਲ ਗਈ ਹੈ। ਇਹ ਬਦਲਾਅ ਸਿਰਫ਼ ਪਰਿਵਾਰ ਤੱਕ ਹੀ ਸੀਮਤ ਨਹੀਂ ਹੈ, ਸਗੋਂ ਇਸ ਬਦਲਾਅ ਦੇ ਪ੍ਰਵਾਹ ਨਾਲ ਪੂਰਾ ਸਮਾਜਿਕ ਢਾਂਚਾ ਵੀ ਪ੍ਰਭਾਵਿਤ ਹੋਇਆ ਹੈ। ਦਰਅਸਲ, ਬਦਲਾਅ ਕੁਦਰਤ ਦਾ ਨਿਯਮ ਹੈ, ਜੋ ਕਿ ਇੱਕ ਸਦੀਵੀ ਸੱਚ ਹੈ। ਪ੍ਰਾਚੀਨ ਸਮੇਂ ਤੋਂ ਸਾਡੇ ਸਮਾਜ ਵਿੱਚ ਵਿਆਹ ਦੀਆਂ ਕਈ ਪ੍ਰਣਾਲੀਆਂ ਮੌਜੂਦ ਹਨ। ਸਮੇਂ ਦੇ ਨਾਲ,



ਇਨ੍ਹਾਂ ਵਿੱਚ ਵੀ ਬਹੁਤ ਸਾਰੇ ਬਦਲਾਅ ਆਏ ਹਨ। ਇੱਕ ਸਮੇਂ, ਬਹੁ-ਪਤਨੀ ਅਤੇ ਬਹੁ-ਪਤਨੀ ਦੀ ਪ੍ਰਥਾ ਸਮਾਜ ਵਿੱਚ ਵਿਆਪਕ ਤੌਰ 'ਤੇ ਪ੍ਰਚਲਿਤ ਸੀ, ਪਰ ਹੌਲੀ-ਹੌਲੀ, ਸਮਾਜਿਕ ਚੇਤਨਾ, ਧਾਰਮਿਕ ਕਦਰਾਂ-ਕੀਮਤਾਂ ਅਤੇ ਕਾਨੂੰਨੀ ਪ੍ਰਣਾਲੀਆਂ ਦੇ ਪ੍ਰਭਾਵ ਕਾਰਨ, ਇਹ ਰੂਪ ਬਦਲਦਾ ਰਿਹਾ ਅਤੇ ਵਰਤਮਾਨ ਵਿੱਚ, ਸਿਰਫ ਇੱਕ ਪਤਨੀ ਅਤੇ ਇੱਕ ਪਤੀ ਵਿਆਹ ਪ੍ਰਣਾਲੀ ਨੂੰ ਸਮਾਜਿਕ ਤੌਰ 'ਤੇ ਮਾਨਤਾ ਪ੍ਰਾਪਤ ਹੈ। ਇਸ ਦੇ ਨਾਲ ਹੀ, ਪੱਛਮੀ ਸੱਭਿਆਚਾਰ ਦੇ ਪ੍ਰਭਾਵ ਕਾਰਨ, ਅੱਜ 'ਲਿਵ ਇਨ ਰਿਲੇਸ਼ਨਸ਼ਿਪ' ਵਰਗੇ ਸੰਕਲਪ ਵੀ ਉਭਰ ਕੇ ਸਾਹਮਣੇ ਆਏ ਹਨ। ਇਹ ਇੱਕ ਅਜਿਹੀ ਪ੍ਰਣਾਲੀ ਹੈ ਜਿਸ ਵਿੱਚ ਦੋ ਲੋਕ ਵਿਆਹ ਤੋਂ ਬਿਨਾਂ ਇਕੱਠੇ ਰਹਿੰਦੇ ਹਨ। ਹਾਲਾਂਕਿ, ਇਸ ਵਿੱਚ ਭਾਵਨਾਤਮਕ ਅਤੇ ਸਰੀਰਕ ਭਾਗੀਦਾਰੀ ਹੈ, ਪਰ ਵਿਆਹੁਤਾ ਵਚਨਬੱਧਤਾ ਅਤੇ ਸਮਾਜਿਕ ਮਾਨਤਾ ਦੀ ਘਾਟ ਹੈ। ਅਜਿਹੀ ਸਥਿਤੀ ਵਿੱਚ, ਇਹ ਵਿਚਾਰਨ ਯੋਗ ਸਵਾਲ ਹੈ ਕਿ ਕੀ ਲਿਵ ਇਨ ਵਰਗੇ ਪ੍ਰਬੰਧ ਵਿਆਹ ਦੀ ਸੰਸਥਾ ਦੇ ਮੂਲ ਉਦੇਸ਼ - ਹਮੇਸ਼ਾ ਲਈ ਵਚਨਬੱਧਤਾ, ਸਮਾਜਿਕ ਜ਼ਿੰਮੇਵਾਰੀ, ਪਰਿਵਾਰ ਦੀ ਸਥਾਪਨਾ ਅਤੇ ਭਾਵਨਾਤਮਕ ਸਥਿਰਤਾ ਆਦਿ ਨੂੰ ਪੂਰਾ ਕਰਨ ਦੇ ਸਮਰੱਥ ਹਨ? ਇਹ ਇੱਕ ਡੂੰਘਾ ਅਤੇ ਗੁੰਝਲਦਾਰ ਸਵਾਲ ਹੈ ਜਿਸ 'ਤੇ ਸਮਾਜ ਨੂੰ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਜੇਕਰ ਅਸੀਂ ਇਤਿਹਾਸ ਦੇ ਪੰਨੇ ਪਲਟਦੇ ਹਾਂ, ਤਾਂ ਬਹੁ-ਵਿਆਹ (ਇੱਕ ਆਦਮੀ ਦੀਆਂ ਕਈ ਪਤਨੀਆਂ ਹੋਣ) ਦੀਆਂ ਬਹੁਤ ਸਾਰੀਆਂ ਉਦਾਹਰਣਾਂ ਸਾਹਮਣੇ ਆਉਂਦੀਆਂ ਹਨ। ਇੱਕ ਪਾਸੇ, ਪਟਿਆਲਾ ਦੇ ਰਾਜਾ ਭੁਪਿੰਦਰ ਸਿੰਘ ਦੇ 10 ਵਿਆਹਾਂ ਦਾ ਜ਼ਿਕਰ ਹੈ, ਦੂਜੇ ਪਾਸੇ, ਰਾਮਾਇਣ ਵਿੱਚ ਰਾਜਾ ਦਸ਼ਰਥ ਦੀਆਂ ਤਿੰਨ ਪਤਨੀਆਂ ਸਨ, ਜਦੋਂ ਕਿ ਮਹਾਂਭਾਰਤ ਵਿੱਚ, ਪਾਂਡੂ ਦੀਆਂ ਦੋ ਪਤਨੀਆਂ - ਕੁੰਤੀ ਅਤੇ ਮਾਦਰੀ ਦਾ ਜ਼ਿਕਰ ਹੈ। ਇਹ ਵਿਆਹ ਦੀ ਪ੍ਰਾਚੀਨ ਪਰੰਪਰਾ ਸੀ, ਜੋ ਉਸ ਸਮੇਂ ਵਿੱਚ ਕਈ ਸਮਾਜਿਕ, ਰਾਜਨੀਤਿਕ ਅਤੇ ਪਰਿਵਾਰਕ ਕਾਰਨਾਂ ਕਰਕੇ ਪ੍ਰਚਲਿਤ ਸੀ। ਹਾਲਾਂਕਿ, ਸਮੇਂ ਦੇ ਨਾਲ, ਸਮਾਜ ਅਤੇ ਕਾਨੂੰਨ ਦੋਵੇਂ ਬਦਲ ਗਏ। 1955 ਵਿੱਚ ਲਾਗੂ ਹੋਏ ਹਿੰਦੂ ਵਿਆਹ ਐਕਟ ਦੇ ਤਹਿਤ, ਬਹੁ-ਵਿਆਹ ਅਤੇ ਬਹੁ-ਪਤੀ ਪ੍ਰਥਾ ਨੂੰ



ਗੈਰ-ਕਾਨੂੰਨੀ ਘੋਸ਼ਿਤ ਕਰ ਦਿੱਤਾ ਗਿਆ ਸੀ। ਹੁਣ ਇੱਕ ਸਮੇਂ ਵਿੱਚ ਸਿਰਫ਼ ਇੱਕ ਹੀ ਕਾਨੂੰਨੀ ਪਤਨੀ ਨੂੰ ਮਾਨਤਾ ਦਿੱਤੀ ਜਾਂਦੀ ਹੈ। ਜੇਕਰ ਕੋਈ ਵਿਆਹੁਤਾ ਵਿਅਕਤੀ ਦੂਜੀ ਵਾਰ ਵਿਆਹ ਕਰਦਾ ਹੈ, ਤਾਂ ਸਿਰਫ਼ ਪਹਿਲੀ ਪਤਨੀ ਨੂੰ ਹੀ ਕਾਨੂੰਨੀ ਅਧਿਕਾਰ ਮਿਲਦੇ ਹਨ। ਵੱਖ ਹੋਣ (ਤਲਾਕ) ਤੋਂ ਬਾਅਦ ਦੁਬਾਰਾ ਵਿਆਹ ਕਰਨ ਦੀ ਆਜ਼ਾਦੀ ਵੀ ਦਿੱਤੀ ਗਈ ਹੈ। ਇਹ ਕਾਨੂੰਨ ਹਿੰਦੂ, ਬੋਧੀ, ਜੈਨ ਅਤੇ ਸਿੱਖ ਧਰਮਾਂ ਦੇ ਪੈਰੋਕਾਰਾਂ 'ਤੇ ਲਾਗੂ ਹੁੰਦਾ ਹੈ, ਪਰ ਇਹ ਮੁਸਲਮਾਨਾਂ, ਈਸਾਈਆਂ ਜਾਂ ਹੋਰ ਧਰਮਾਂ ਦੇ ਪੈਰੋਕਾਰਾਂ ਲਈ ਲਾਜ਼ਮੀ ਨਹੀਂ ਹੈ। ਜਿੱਥੇ ਇੱਕ ਪਾਸੇ ਬਹੁ-ਪਤੀ ਪ੍ਰਥਾ ਦਾ ਇਤਿਹਾਸ ਵਿਆਪਕ ਹੈ, ਉੱਥੇ ਹੀ ਕੁਝ ਖੇਤਰਾਂ ਵਿੱਚ ਬਹੁ-ਪਤੀ ਪ੍ਰਥਾ (ਇੱਕ ਔਰਤ ਦੇ ਕਈ ਪਤੀ ਹੋਣ) ਵੀ ਪ੍ਰਾਚੀਨ ਪਰੰਪਰਾ ਦਾ ਹਿੱਸਾ ਰਹੀ ਹੈ। ਹਾਲ ਹੀ ਦੇ ਸਮੇਂ ਵਿੱਚ, ਹਿਮਾਚਲ ਪ੍ਰਦੇਸ਼ ਦੇ ਸਿਰਮੌਰ ਜ਼ਿਲ੍ਹੇ ਦੇ ਸ਼ਿਲਾਈ ਖੇਤਰ ਵਿੱਚ ਇਸ ਪ੍ਰਥਾ ਦੀ ਚਰਚਾ ਫਿਰ ਤੋਂ ਸਾਹਮਣੇ ਆਈ ਹੈ, ਜਿਸ ਵਿੱਚ ਇੱਕ ਔਰਤ ਨੇ ਆਪਣੀ ਮਰਜ਼ੀ ਨਾਲ ਦੋ ਅਸਲੀ ਭਰਾਵਾਂ ਨਾਲ ਵਿਆਹ ਕੀਤਾ ਹੈ। ਇਹ ਘਟਨਾ ਸਾਨੂੰ ਪੁਰਾਣੇ ਰੀਤੀ-ਰਿਵਾਜਾਂ ਵੱਲ ਲੈ ਜਾਂਦੀ ਹੈ, ਜਦੋਂ ਕਿ ਨਵੀਂ ਪੀੜ੍ਹੀ ਲਈ ਇਹ ਹੈਰਾਨੀਜਨਕ ਹੈ ਅਤੇ ਉਨ੍ਹਾਂ ਨੂੰ ਸੋਚਣ ਲਈ ਮਜਬੂਰ ਕਰਦੀ ਹੈ। ਭਾਵੇਂ ਅੱਜ ਇਸਦੀ ਪ੍ਰਥਾ ਸੀਮਤ ਹੈ, ਪਰ ਇਸ ਪ੍ਰਥਾ ਨੂੰ ਪਹਿਲਾਂ ਉੱਤਰ ਭਾਰਤ ਦੇ ਪਹਾੜੀ ਖੇਤਰਾਂ ਜਿਵੇਂ ਕਿ ਉੱਤਰਾਖੰਡ ਵਿੱਚ ਜੌਂਸਰ ਬਾਵਰ, ਹਿਮਾਚਲ ਵਿੱਚ ਸ਼ਿਲਈ, ਕਿੰਨੌਰ ਅਤੇ ਸ਼ਿਮਲਾ ਆਦਿ ਵਿੱਚ ਆਮ ਮੰਨਿਆ ਜਾਂਦਾ ਸੀ। ਮਹਾਂਭਾਰਤ ਵਿੱਚ ਪੰਜ ਪਾਂਡਵਾਂ ਨਾਲ ਦ੍ਰੋਪਦੀ ਦਾ ਵਿਆਹ ਇਸ ਪਰੰਪਰਾ ਦੀ ਇੱਕ ਪ੍ਰਾਚੀਨ ਉਦਾਹਰਣ ਹੈ। ਪਾਂਡਵਾਂ ਦੇ ਬਨਵਾਸ ਦੌਰਾਨ ਇਨ੍ਹਾਂ ਖੇਤਰਾਂ ਵਿੱਚ ਨਿਵਾਸ ਦੇ ਸੰਕੇਤ ਮਿਲਦੇ ਹਨ, ਜਿਸ ਤੋਂ ਪਤਾ ਲੱਗਦਾ ਹੈ ਕਿ ਬਹੁਪਤੀ ਪ੍ਰਥਾ ਦੀ ਪਰੰਪਰਾ ਉੱਥੋਂ ਪ੍ਰਭਾਵਿਤ ਹੋਈ ਹੋਵੇਗੀ। ਅੱਜ ਬਹੁਪਤੀ ਪ੍ਰਥਾ ਲਗਭਗ ਅਲੋਪ ਹੋ ਗਈ ਹੈ, ਪਰ ਇਸ ਪ੍ਰਥਾ ਦੇ ਸਮਰਥਕ ਅਤੇ ਵਿਰੋਧੀ ਦੋਵੇਂ ਹੀ ਆਪਣੇ-ਆਪਣੇ ਤਰਕ ਪੇਸ਼ ਕਰਦੇ ਹਨ। ਸਮਰਥਕਾਂ ਦਾ ਮੰਨਣਾ ਹੈ ਕਿ ਇਹ ਪ੍ਰਥਾ ਔਰਤਾਂ ਨੂੰ ਆਰਥਿਕ ਅਤੇ ਸਮਾਜਿਕ ਸੁਰੱਖਿਆ ਦਿੰਦੀ ਹੈ। ਬਹੁਤ ਸਾਰੀਆਂ ਔਰਤਾਂ ਇਸਨੂੰ ਵਰਦਾਨ ਮੰਨਦੀਆਂ ਹਨ, ਉਹ ਕਹਿੰਦੀਆਂ ਹਨ ਕਿ ਉਹ 'ਅਕਸ਼ੈ ਸੁਹਾਗਿਨ' ਹਨ, ਉਨ੍ਹਾਂ ਨੂੰ ਵਿਧਵਾ ਹੋਣ ਦਾ ਡਰ ਨਹੀਂ ਹੁੰਦਾ, ਅਤੇ ਉਨ੍ਹਾਂ ਦੇ ਬੱਚੇ ਆਪਣੇ ਪਿਤਾ ਨੂੰ ਨਹੀਂ ਗੁਆਉਂਦੇ। ਦੂਜੇ ਪਾਸੇ, ਇਸਦੇ ਵਿਰੋਧੀ ਇਸਨੂੰ ਔਰਤਾਂ ਦੀ ਆਜ਼ਾਦੀ, ਮਾਣ ਅਤੇ ਮਾਨਸਿਕ ਸਿਹਤ ਦੇ ਵਿਰੁੱਧ ਮੰਨਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਪ੍ਰਥਾ ਆਧੁਨਿਕ ਸਮਾਜ ਵਿੱਚ ਔਰਤਾਂ ਦੀ ਇੱਜ਼ਤ ਅਤੇ ਸਮਾਨਤਾ ਦੇ ਸਿਧਾਂਤਾਂ ਦੇ ਅਨੁਸਾਰ ਨਹੀਂ ਹੈ। ਦਿਲਚਸਪ ਗੱਲ ਇਹ ਹੈ ਕਿ ਇਹ ਪ੍ਰਥਾ ਅਜੇ ਵੀ ਨਾ ਸਿਰਫ਼ ਭਾਰਤ ਦੇ ਕੁਝ ਪਹਾੜੀ ਖੇਤਰਾਂ ਵਿੱਚ ਪ੍ਰਚਲਿਤ ਹੈ, ਸਗੋਂ ਚੀਨ ਦੇ ਸਿਚੁਆਨ ਪ੍ਰਾਂਤ ਵਿੱਚ ਰਹਿਣ ਵਾਲੇ ਗਿਆਂਗ ਕਬੀਲੇ ਵਿੱਚ ਵੀ ਪ੍ਰਚਲਿਤ ਹੈ। ਉੱਥੋਂ ਦੀਆਂ ਔਰਤਾਂ ਇਸਨੂੰ ਆਪਣੇ ਸੱਭਿਆਚਾਰ ਲਈ ਮਾਣ ਵਾਲੀ ਗੱਲ ਸਮਝਦੀਆਂ ਹਨ ਅਤੇ ਇਸਨੂੰ ਖੁਸ਼ੀ ਨਾਲ ਅਪਣਾਉਂਦੀਆਂ ਹਨ।

ਉੱਥੋਂ ਦੀਆਂ ਔਰਤਾਂ ਇਸਨੂੰ ਆਪਣੇ ਸੱਭਿਆਚਾਰ ਦਾ ਮਾਣ ਮੰਨਦੀਆਂ ਹਨ ਅਤੇ ਇਸਨੂੰ ਆਪਣੀ ਮਰਜ਼ੀ ਨਾਲ ਅਪਣਾਉਂਦੀਆਂ ਹਨ। ਵਿਆਹ ਦੀ ਰਿਵਾਜ ਸਮੇਂ, ਸਥਾਨ ਅਤੇ ਸਮਾਜਿਕ ਸੰਦਰਭ ਦੇ ਅਨੁਸਾਰ ਬਦਲਦੀ ਰਹੀ ਹੈ। ਭਾਵੇਂ ਇਹ ਬਹੁ-ਵਿਆਹ ਹੋਵੇ ਜਾਂ ਬਹੁ-ਪਤੀ, ਦੋਵਾਂ ਪ੍ਰਣਾਲੀਆਂ ਨੂੰ ਸਮਝਣ ਲਈ ਇਤਿਹਾਸਕ, ਸਮਾਜਿਕ ਅਤੇ ਸੱਭਿਆਚਾਰਕ ਦ੍ਰਿਸ਼ਟੀਕੋਣਾਂ ਵਿੱਚ ਡੂੰਘਾਈ ਨਾਲ ਜਾਣਾ ਜ਼ਰੂਰੀ ਹੈ। ਅੱਜ ਦੇ ਸਮੇਂ ਵਿੱਚ, ਜਿੱਥੇ ਵਿਅਕਤੀਗਤ ਅਧਿਕਾਰਾਂ ਅਤੇ ਸਮਾਨਤਾ ਦੀ ਗੱਲ ਕੀਤੀ ਜਾਂਦੀ ਹੈ, ਇਨ੍ਹਾਂ ਪਰੰਪਰਾਵਾਂ 'ਤੇ ਮੁੜ ਵਿਚਾਰ ਕਰਨਾ ਬੌਧਿਕ ਬਹਿਸ ਦਾ ਵਿਸ਼ਾ ਬਣ ਗਿਆ ਹੈ, ਕਿਉਂਕਿ ਕਈ ਵਾਰ ਰੂੜੀਵਾਦੀ ਵਿਚਾਰ ਅਤੇ ਕਿਰਿਆਵਾਂ ਆਉਣ ਵਾਲੀ ਪੀੜ੍ਹੀ ਲਈ ਪਰੰਪਰਾ ਦਾ ਰੂਪ ਧਾਰਨ ਕਰ ਲੈਂਦੀਆਂ ਹਨ, ਜਿਸਦੀ ਪਾਲਣਾ ਕਈ ਵਾਰ ਨਾ ਚਾਹੁੰਦੇ ਹੋਏ ਵੀ ਕਰਨੀ ਪੈਂਦੀ ਹੈ। ਸਾਨੂੰ ਇੱਕ ਤਰਕਪੂਰਨ ਪਹੁੰਚ ਦੀ ਲੋੜ ਹੈ, ਰੂੜੀਵਾਦੀ ਵਿਸ਼ਵਾਸਾਂ ਦੀ ਨਹੀਂ।

**ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ**
**ਐਜੂਕੇਸ਼ਨਲ ਕਾਲਮਨਵੀਸ ਮਲੋਟ**

St. Soldier GROUP OF INSTITUTIONS SINCE 1958
EDUCATIONAL 64 YEARS EXCELLENCE
MORE THAN •56 Colleges & Schools •200 Merit Positions •125 Companies For Placements •75 Academic Courses •2000 Placements In 2022 - 2023 •42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB • PG DIPLOMA IN CYBER LAW
TEACHER / PHYSICAL EDUCATION
• BPES • B.Ed. • D.El.Ed. • B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565

INNOCENT HEARTS GROUP OF INSTITUTIONS
Learning Today... Leading Tomorrow!
150+ Placements In Session 2022-23
18+ MOUs with Industries
upto 100% Scholarship Schemes
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in

JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
82880 21797
82880 21798
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ
ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ
JSDC GROUP - INDIA

DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com (dipsimt@gmail.com)
CONTACT : 95010-00697, 97806-00998